# ਨਜ਼ਰਬੰਦੀ ਦੌਰਾਨ ਆਪਣੇ ਹੱਕ ਯਾਦ ਰੱਖੋ

ਇਸ ਸੂਚਨਾ ਵਿੱਚ ਹੱਕਾਂ ਦੀ ਤੁਹਾਨੂੰ ਇੰਗਲੈਂਡ ਅਤੇ ਵੇਲਜ਼ ਵਿੱਚ ਦੇ ਕਾਨੂੰਨ ਅਧੀਨ ਗਰੰਟੀ ਦਿੱਤੀ ਜਾਂਦੀ ਹੈ ਅਤੇ ਇਹ ਈ.ਯੂ. ਡਾਇਰੇਕਟਿਵ 2012/13 (EU Directive 2012/13) ਦੀ ਅਪਰਾਧੀ ਕਾਨੂੰਨੀ ਕਾਰਵਾਈ ਵਿੱਚ ਜਾਣਕਾਰੀ ਪ੍ਰਾਪਤ ਕਰਨ ਦੇ ਅਧਿਕਾਰ ਦੀ ਪੂਰਤੀ ਕਰਦੇ ਹਨ।

ਪੁਲਿਸ ਸਟੇਸ਼ਨ ਵਿੱਚ ਤੁਹਾਡੇ ਹੱਕਾਂ ਦਾ ਇਸ ਸਫ਼ੇ ਤੇ ਸੰਖੇਪ ਦਿੱਤਾ ਗਿਆ ਹੈ।
ਅੱਗਲੇ ਪੰਨਿਆਂ ਤੇ ਪੈਰਾਗ੍ਰਾਫ਼ਾਂ 1 ਤੋਂ 11 ਵਿੱਚ ਹੋਰ ਜਾਣਕਾਰੀ ਮੌਜੂਦ ਹੈ।
ਪੂਰੇ ਵੇਰਵੇ ਪੁਲਿਸ ਅਭਿਆਸ ਦੇ ਜ਼ਾਬਤਾ ਸੀ (police Code of Practice C) ਵਿੱਚ ਹਨ।

1. ਜੇ ਤੁਹਾਨੂੰ ਪੁਲਿਸ ਸਟੇਸ਼ਨ ਵਿੱਚ ਹੋਣ ਦੌਰਾਨ ਤੁਹਾਡੀ ਮਦਦ ਕਰਨ ਲਈ ਵਕੀਲ ਚਾਹੀਦਾ ਹੋਵੇ ਤਾਂ ਪੁਲਿਸ ਨੂੰ ਦੱਸੋ। ਇਹ ਮੁਫ਼ਤ ਹੈ।
2. ਜੇ ਤੁਸੀਂ ਕਿਸੇ ਨੂੰ ਦੱਸਣਾ ਚਾਹੁੰਦੇ ਹੋ ਕਿ ਤੁਸੀਂ ਕਿੱਥੇ ਹੋ ਤਾਂ ਪੁਲਿਸ ਨੂੰ ਦੱਸੋ। ਇਹ ਮੁਫ਼ਤ ਹੈ।
3. ਜੇ ਤੁਸੀਂ ਪੁਲਿਸ ਦੇ ਨਿਯਮ ਦੇਖਣਾ ਚਾਹੁੰਦੇ ਹੋ ਤਾਂ ਪੁਲਿਸ ਨੂੰ ਦੱਸੋ – ਇਨ੍ਹਾਂ ਨੂੰ ਅਭਿਆਸ ਦਾ ਜ਼ਾਬਤਾ (Codes of Practice) ਆਖਦੇ ਹਨ।
4. ਜੇ ਤੁਹਾਨੂੰ ਡਾਕਟਰੀ ਸਹਾਇਤਾ ਦੀ ਲੋੜ ਹੈ ਤਾਂ ਪੁਲਿਸ ਨੂੰ ਦੱਸੋ। ਜੇ ਤੁਹਾਡੀ ਸਿਹਤ ਠੀਕ ਨਾ ਹੋਵੇ ਜਾਂ ਤੁਹਾਡੇ ਸੱਟ-ਫੇਟ ਲੱਗ ਗਈ ਹੋਵੇ ਤਾਂ ਪੁਲਿਸ ਨੂੰ ਦੱਸੋ। ਡਾਕਟਰੀ ਸਹਾਇਤਾ ਮੁਫ਼ਤ ਹੈ।
5. ਜੇ ਤੁਹਾਨੂੰ ਸ਼ੱਕ ਕੀਤੇ ਹੋਏ ਅਪਰਾਧ ਬਾਰੇ ਸਵਾਲ ਪੁੱਛਿਆ ਜਾਵੇ, ਤਾਂ ਤੁਹਾਨੂੰ ਕੁਝ ਵੀ ਆਖਣਾ ਲਾਜ਼ਮੀ ਨਹੀਂ ਹੈ। ਐਪਰ, ਤੁਹਾਡੇ ਬਚਾਅ ਲਈ ਨੁਕਸਾਨਦਾਇਕ ਹੋ ਸਕਦਾ ਹੈ ਜੇ ਤੁਸੀਂ ਸਵਾਲ ਪੁੱਛੇ ਜਾਣ ਸਮੇਂ ਉਸ ਚੀਜ਼ ਦਾ ਜ਼ਿਕਰ ਨਹੀਂ ਕਰਦੇ ਜਿਸ ਦਾ ਤੁਸੀਂ ਅਗਾਂਹ ਚੱਲ ਕੇ ਅਦਾਲਤ ਵਿੱਚ ਆਸਰਾ ਲੈਂਦੇ ਹੋ। ਜੋ ਕੁਝ ਵੀ ਤੁਸੀਂ ਆਖੋਗੇ ਉਸ ਨੂੰ ਸਬੂਤ ਵੱਜੋਂ ਪੇਸ਼ ਕੀਤਾ ਜਾ ਸਕਦਾ ਹੈ।
6. ਪੁਲਿਸ ਨੂੰ ਤੁਹਾਨੂੰ ਦੱਸਣਾ ਲਾਜ਼ਮੀ ਹੈ ਕਿ ਉਨ੍ਹਾਂ ਦੇ ਖਿਆਲ ਵਿੱਚ ਤੁਸੀਂ ਕਿਹੜਾ ਅਪਰਾਧ ਕੀਤਾ ਹੈ ਅਤੇ ਤੁਹਾਨੂੰ ਕਿਉਂ ਗਿਰਫਤਾਰ ਕੀਤਾ ਗਿਆ ਹੈ ਅਤੇ ਨਜ਼ਰਬੰਦ ਰੱਖਿਆ ਜਾ ਰਿਹਾ ਹੈ।
7. ਪੁਲਿਸ ਲਈ ਲਾਜ਼ਮੀ ਹੈ ਕਿ ਉਹ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ, ਤੁਹਾਨੂੰ ਕਿਉਂ ਗਿਰਫਤਾਰ ਕੀਤਾ ਗਿਆ ਹੈ ਅਤੇ ਨਜ਼ਰਬੰਦ ਰੱਖਿਆ ਜਾ ਰਿਹਾ ਹੈ ਅਤੇ ਪੁਲਿਸ ਸਟੇਸ਼ਨ ਵਿੱਚ ਬਿਤਾਏ ਗਏ ਤੁਹਾਡੇ ਸਮੇਂ ਬਾਰੇ ਰਿਕਾਰਡ ਅਤੇ ਦਸਤਾਵੇਜ਼ ਦੇਖਣ ਦੇਵੇ।
8. ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੋਵੇ, ਤਾਂ ਪੁਲਿਸ ਨੂੰ ਤੁਹਾਡੇ ਲਈ ਉਸ ਦਾ ਪ੍ਰਬੰਧ ਕਰਨਾ ਲਾਜ਼ਮੀ ਹੈ। ਤੁਸੀਂ ਕੁਝ ਖ਼ਾਸ ਦਸਤਾਵੇਜ਼ਾਂ ਦਾ ਅਨੁਵਾਦ ਵੀ ਕਰਾ ਸਕਦੇ ਹੋ। ਇਹ ਮੁਫ਼ਤ ਹੈ।
9. ਜੇ ਤੁਸੀਂ ਬਰਤਾਨਵੀ ਨਹੀਂ ਹੋ ਅਤੇ ਤੁਸੀਂ ਆਪਣੀ ਐਂਬੇਸੀ ਜਾਂ ਕੌਨਸੋਲੇਟ ਨਾਲ ਸੰਪਰਕ ਕਰਨਾ ਚਾਹੁੰਦੇ ਹੋ ਜਾਂ ਉਨ੍ਹਾਂ ਨੂੰ ਇਤਲਾਹ ਦੇਣਾ ਚਾਹੁੰਦੇ ਹੋ ਕਿ ਤੁਹਾਨੂੰ ਨਜ਼ਰਬੰਦ ਕੀਤਾ ਹੋਇਆ ਹੈ ਤਾਂ ਪੁਲਿਸ ਨੂੰ ਦੱਸੋ। ਇਹ ਮੁਫ਼ਤ ਹੈ।
10. ਪੁਲਿਸ ਨੂੰ ਤੁਹਾਨੂੰ ਦੱਸਣਾ ਲਾਜ਼ਮੀ ਹੈ ਕਿ ਉਹ ਤੁਹਾਨੂੰ ਕਿੰਨਾ ਸਮਾਂ ਨਜ਼ਰਬੰਦ ਰੱਖ ਸਕਦੇ ਹਨ।
11. ਜੇ ਤੁਹਾਡੇ ਤੇ ਦੋਸ਼ ਆਰੋਪਣ ਕੀਤਾ ਗਿਆ ਅਤੇ ਤੁਹਾਡਾ ਕੇਸ ਅਦਾਲਤ ਵਿੱਚ ਚਲਾ ਗਿਆ, ਤਾਂ ਅਦਾਲਤੀ ਸੁਣਵਾਈ ਤੋਂ ਪਹਿਲਾਂ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਸਰਕਾਰੀ ਪੈਰਵਈ ਪੱਖ ਦੇ ਸਬੂਤ ਦੇਖਣ ਦਾ ਹੱਕ ਹੋਵੇਗਾ।

ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕਿਸੇ ਵੀ ਹੱਕ ਬਾਰੇ ਪੂਰੀ ਸਮਝ ਨਾ ਲੱਗੀ ਹੋਵੇ, ਤਾਂ ਪੁਲਿਸ ਹਿਰਾਸਤ ਅਫ਼ਸਰ (police custody officer) ਨੂੰ ਦੱਸੋ

Home Office | Legal Aid Agency | The Law Society

ਪੁਲਿਸ ਨੂੰ ਤੁਹਾਡੇ ਨਾਲ ਕਿਵੇਂ ਵਿਹਾਰ ਕਰਨਾ ਚਾਹੀਦਾ ਹੈ ਅਤੇ ਤੁਹਾਡੀ ਕਿਵੇਂ ਦੇਖਭਾਲ ਕਰਨੀ ਚਾਹੀਦੀ ਹੈ ਬਾਰੇ ਵਧੇਰੇ ਜਾਣਕਾਰੀ ਲਈ ਸੰਖੇਪ ਤੋਂ ਬਾਅਦ ਦੇ ਪੰਨੇ ਦੇਖੋ

**ਹੱਕਾਂ ਅਤੇ ਅਧਿਕਾਰਾਂ ਦੀ ਇਸ ਸੂਚਨਾ (Notice of Rights and Entitlements) ਦਾ ਸੰਸਕਰਣ 21 ਅਗਸਤ 2019ਤੋਂ ਲਾਗੂ ਹੋਵੇਗਾ**

ਕਿਰਪਾ ਕਰਕੇ ਇਹ ਜਾਣਕਾਰੀ ਆਪਣੇ ਕੋਲ ਰੱਖੋ ਅਤੇ ਜਲਦੀ ਤੋਂ ਜਲਦੀ ਇਸਨੂੰ ਪੜ੍ਹੋ। ਪੁਲਿਸ ਸਟੇਸ਼ਨ ਹੋਣ ਦੌਰਾਨ ਇਹ ਤੁਹਾਨੂੰ ਫੈਸਲੇ ਕਰਨ ਵਿੱਚ ਮਦਦ ਕਰੇਗੀ।

# 1. ਤੁਹਾਡੀ ਮਦਦ ਕਰਨ ਲਈ ਵਕੀਲ ਪ੍ਰਾਪਤ ਕਰਨਾ

- ਵਕੀਲ ਕਾਨੂੰਨ ਬਾਰੇ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਸਲਾਹ ਦੇ ਸਕਦਾ ਹੈ।
- ਵਕੀਲ ਨਾਲ ਗੱਲ ਕਰਨ ਦੀ ਬੇਨਤੀ ਕਰਨ ਨਾਲ ਇਸ ਤਰ੍ਹਾਂ ਨਹੀਂ ਲੱਗੇਗਾ ਕਿ ਤੁਸੀਂ ਕੁਝ ਗਲਤ ਕੀਤਾ ਹੈ।
- ਪੁਲਿਸ ਹਿਰਾਸਤ ਅਫ਼ਸਰ (Police Custody Officer) ਨੂੰ ਤੁਹਾਨੂੰ ਪੁੱਛਣਾ ਲਾਜ਼ਮੀ ਹੈ ਕਿ ਤੁਹਾਨੂੰ ਕਾਨੂੰਨੀ ਸਲਾਹ ਚਾਹੀਦੀ ਹੈ ਜਾਂ ਨਹੀਂ। ਇਹ ਸਲਾਹ ਮੁਫ਼ਤ ਹੁੰਦੀ ਹੈ।
- ਜਦੋਂ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋਵੋਂ, ਤਾਂ ਪੁਲਿਸ ਨੂੰ ਤੁਹਾਨੂੰ ਹਰ ਸਮੇਂ ਵਕੀਲ ਨਾਲ ਗੱਲ ਕਰਨ ਦੀ ਆਗਿਆ ਦੇਣੀ ਲਾਜ਼ਮੀ ਹੈ, ਦਿਨ ਹੋਵੇ ਜਾਂ ਰਾਤ।
- ਜੇ ਤੁਸੀਂ ਕਾਨੂੰਨੀ ਸਲਾਹ ਦੀ ਮੰਗ ਕਰਦੇ ਹੋ, ਤਾਂ ਆਮ ਤੌਰ ਤੇ ਜਦੋਂ ਤੱਕ ਤੁਹਾਨੂੰ ਵਕੀਲ ਨਾਲ ਗੱਲ ਕਰਨ ਦਾ ਮੌਕਾ ਨਹੀਂ ਮਿਲਦਾ ਉਸ ਸਮੇਂ ਤੱਕ ਪੁਲਿਸ ਨੂੰ ਤੁਹਾਨੂੰ ਕੋਈ ਸਵਾਲ ਪੁੱਛਣ ਦੀ ਆਗਿਆ ਨਹੀਂ ਹੁੰਦੀ। ਜਦੋਂ ਪੁਲਿਸ ਤੁਹਾਨੂੰ ਸਵਾਲ ਪੁੱਛੇ, ਤਾਂ ਤੁਸੀਂ ਕਮਰੇ ਵਿੱਚ ਵਕੀਲ ਨੂੰ ਤੁਹਾਡੇ ਨਾਲ ਹੋਣ ਦੀ ਮੰਗ ਕਰ ਸਕਦੇ ਹੋ।
- ਜੇ ਤੁਸੀਂ ਪੁਲਿਸ ਨੂੰ ਦੱਸਦੇ ਹੋ ਕਿ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਚਾਹੀਦੀ ਪਰ ਫਿਰ ਆਪਣਾ ਮਨ ਬਦਲ ਲੈਂਦੇ ਹੋ, ਤਾਂ ਪੁਲਿਸ ਹਿਰਾਸਤ ਅਫ਼ਸਰ (police custody officer) ਨੂੰ ਦੱਸੋ ਜੋ ਫਿਰ ਵਕੀਲ ਨਾਲ ਸੰਪਰਕ ਕਰਨ ਵਿੱਚ ਤੁਹਾਡੀ ਮਦਦ ਕਰੇਗਾ।
- ਜੇ ਵਕੀਲ ਪੁਲਿਸ ਸਟੇਸ਼ਨ ਵਿੱਚ ਨਾ ਪਹੁੰਚੇ ਜਾਂ ਤੁਹਾਡੇ ਨਾਲ ਸੰਪਰਕ ਨਾ ਕਰੇ, ਜਾਂ ਤੁਹਾਨੂੰ ਵਕੀਲ ਨਾਲ ਦੁਬਾਰਾ ਗੱਲ ਕਰਨ ਦੀ ਲੋੜ ਹੈ, ਤਾਂ ਉਨ੍ਹਾਂ ਨਾਲ ਪੁਲਿਸ ਨੂੰ ਦੁਬਾਰਾ ਸੰਪਰਕ ਕਰਨ ਲਈ ਬੇਨਤੀ ਕਰੋ।

**ਕੁਝ ਘੱਟ ਗੰਭੀਰ ਮਾਮਲਿਆਂ ਬਾਰੇ ਮੁਫ਼ਤ ਕਾਨੂੰਨੀ ਸਲਾਹ:**

- ਕੁਝ ਕੇਸਾਂ ਵਿੱਚ ਜਿਨ੍ਹਾਂ ਵਿੱਚ ਘੱਟ ਗੰਭੀਰ ਮੁੱਦੇ ਸ਼ਾਮਲ ਹੋਣ, ਮੁਫ਼ਤ ਕਾਨੂੰਨੀ ਸਲਾਹ, ਅਪਰਾਧਿਕ ਬਚਾਅ ਸੇਵਾ (ਸੀ.ਡੀ.ਐਸ.) ਡਾਇਰੇਕਟ ((Criminal Defence Service (CDS) Direct)) ਦੇ ਯੋਗਤਾ ਪ੍ਰਾਪਤ ਸਲਾਹਕਾਰਾਂ ਤੋਂ ਟੈਲੀਫ਼ੋਨ ਤੇ ਸਲਾਹ ਤੱਕ ਹੀ ਸੀਮਤ ਹੈ ਬਸ਼ਰਤੇ ਕਿ ਹੇਠ ਲਿੱਖਤ ਸੀਮਤ ਛੋਟਾਂ ਨਾ ਲਾਗੂ ਹੋਣ ਜਦੋਂ ਵਕੀਲ ਨੂੰ ਪੁਲਿਸ ਸਟੇਸ਼ਨ ਆਉਣਾ ਲਾਜ਼ਮੀ ਹੈ, ਜਿਸ ਤਰ੍ਹਾਂ ਕਿ:
  - ~ ਪੁਲਿਸ ਤੁਹਾਡੇ ਤੋਂ ਕਿਸੇ ਅਪਰਾਧ ਬਾਰੇ ਸਵਾਲ ਪੁੱਛਣਾ ਚਾਹੁੰਦੀ ਹੈ ਜਾਂ ਮੌਕੇ ਦਾ ਗਵਾਹ ਪਛਾਣਨ ਸੰਬੰਧੀ (eye witness identification procedure) ਕਾਰਵਾਈ ਕਰਨਾ ਚਾਹੁੰਦੀ ਹੈ।
  - ~ ਤੁਹਾਨੂੰ "ਉਚਿਤ ਬਾਲਗ" ("appropriate adult") ਤੋਂ ਮਦਦ ਦੀ ਲੋੜ ਹੈ। "ਜਿਨ੍ਹਾਂ ਲੋਕਾਂ ਨੂੰ ਮਦਦ ਦੀ ਲੋੜ ਹੈ" ("People who need help") ਦੇਖੋ।
  - ~ ਤੁਸੀਂ ਟੈਲੀਫ਼ੋਨ ਦੁਆਰਾ ਤਾਲ-ਮੇਲ ਨਹੀਂ ਕਰ ਪਾਂਦੇ ਹੋ, ਜਾਂ
  - ~ ਤੁਸੀਂ ਪੁਲਿਸ ਦੇ ਵਿਰੁੱਧ ਗੰਭੀਰ ਕੁਚਾਲ ਬਾਰੇ ਇਲਜ਼ਾਮ ਲਗਾਉਂਦੇ ਹੋ।

**ਜੇ ਮੁਫ਼ਤ ਕਾਨੂੰਨੀ ਸਲਾਹ ਸੀ ਡੀ ਐਸ ਡਾਇਰੇਕਟ (CDS DIRECT) ਤੋਂ ਟੈਲੀਫ਼ੋਨ ਦੁਆਰਾ ਸਲਾਹ ਤੱਕ ਸੀਮਤ ਨਹੀਂ ਹੈ:**

- ਤੁਸੀਂ ਆਪਣੇ ਜਾਣਕਾਰ ਵਕੀਲ ਨਾਲ ਗੱਲ ਕਰਨ ਦੀ ਬੇਨਤੀ ਕਰ ਸਕਦੇ ਹੋ, ਜੇ ਉਹ ਕਾਨੂੰਨੀ ਸਹਾਇਤਾ ਸੰਬੰਧੀ ਕੰਮ (legal aid work) ਕਰਦਾ ਹੋਵੇ ਤਾਂ ਤੁਹਾਨੂੰ ਖਰਚਾ ਨਹੀਂ ਦੇਣਾ ਪਵੇਗਾ। ਜੇ ਤੁਸੀਂ ਕਿਸੇ ਵਕੀਲ ਨੂੰ ਨਹੀਂ ਜਾਣਦੇ ਜਾਂ ਜਿਸ ਵਕੀਲ ਨੂੰ ਤੁਸੀਂ ਜਾਣਦੇ ਹੋ ਉਸ ਨਾਲ ਸੰਪਰਕ ਨਹੀਂ ਕੀਤਾ ਜਾ ਸਕਦਾ, ਤਾਂ ਤੁਸੀਂ ਡਿਊਟੀ ਵਕੀਲ (duty solicitor) ਨਾਲ ਗੱਲ ਕਰ ਸਕਦੇ ਹੋ। ਇਹ ਮੁਫ਼ਤ ਹੁੰਦਾ ਹੈ।
- ਡਿਊਟੀ ਵਕੀਲ ਦਾ ਪੁਲਿਸ ਨਾਲ ਕੋਈ ਸੰਬੰਧ ਨਹੀਂ ਹੁੰਦਾ।

**ਮੁਫ਼ਤ ਕਾਨੂੰਨੀ ਸਲਾਹ ਦਾ ਪ੍ਰਬੰਧ ਕਰਨ ਲਈ:**

- ਪੁਲਿਸ ਬਚਾਅ ਵਕੀਲ ਕਾਲ ਸੈਂਟਰ (ਡੀ.ਐਸ.ਸੀ.ਸੀ) (Defence Solicitor Call Centre (DSCC)) ਨਾਲ ਸੰਪਰਕ ਕਰੇਗੀ। ਸੀ.ਡੀ.ਐਸ. ਡਾਇਰੇਕਟ (CDS Direct) ਤੋਂ ਜਿਸ ਵਕੀਲ ਦੀ ਤੁਸੀਂ ਮੰਗ ਕੀਤੀ ਹੋਵੇ ਜਾਂ ਡਿਊਟੀ ਵਕੀਲ (Duty Solicitor) ਦੁਆਰਾ, ਡੀ.ਐਸ.ਸੀ.ਸੀ. (DSCC) ਕਾਨੂੰਨੀ ਸਲਾਹ ਦੇਣ ਦਾ ਪ੍ਰਬੰਧ ਕਰੇਗੀ।
- ਡੀ.ਐਸ.ਸੀ.ਸੀ. (DSCC) ਅਤੇ ਸੀ.ਡੀ.ਐਸ. ਡਾਇਰੇਕਟ (CDS Direct) ਮੁਫ਼ਤ ਕਾਨੂੰਨੀ ਸਲਾਹ ਦਾ ਪ੍ਰਬੰਧ ਕਰਨ ਲਈ ਜਿੰਮੇਵਾਰ ਸੁਤੰਤਰ ਸੇਵਾਵਾਂ ਹਨ ਅਤੇ ਇਨ੍ਹਾਂ ਦਾ ਪੁਲਿਸ ਨਾਲ ਕੋਈ ਸੰਬੰਧ ਨਹੀਂ ਹੈ।

**ਜੇ ਤੁਸੀਂ ਆਪ ਕਾਨੂੰਨੀ ਸਲਾਹ ਲਈ ਖ਼ਰਚਾ ਦੇਣਾ ਚਾਹੁੰਦੇ ਹੋ:**

- ਜੇ ਤੁਸੀਂ ਚਾਹੋਂ ਤਾਂ ਤੁਸੀਂ ਹਰ ਕੇਸ ਵਿੱਚ ਕਾਨੂੰਨੀ ਸਲਾਹ ਲਈ ਖ਼ਰਚਾ ਦੇ ਸਕਦੇ ਹੋ।
- ਜੇ ਮੁਫ਼ਤ ਕਾਨੂੰਨੀ ਸਲਾਹ ਸੀ.ਡੀ.ਐਸ. ਡਾਇਰੇਕਟ (CDS Direct) ਤੋਂ ਟੈਲੀਫ਼ੋਨ ਦੁਆਰਾ ਸਲਾਹ ਤੱਕ ਹੀ ਸੀਮਤ ਹੋਵੇ ਤਾਂ ਜੇ ਤੁਸੀਂ ਚਾਹੋਂ, ਫਿਰ ਵੀ ਤੁਸੀਂ ਆਪਣੇ ਪਸੰਦ ਦੇ ਵਕੀਲ ਨਾਲ ਟੈਲੀਫ਼ੋਨ ਤੇ ਗੱਲ ਕਰ ਸਕਦੇ ਹੋ ਪਰੰਤੂ ਉਨ੍ਹਾਂ ਦੀ ਫ਼ੀਸ ਕਾਨੂੰਨੀ ਸਹਾਇਤਾ (legal aid) ਨਹੀਂ ਦੇਵੇਗੀ ਅਤੇ ਉਹ ਤੁਹਾਨੂੰ ਉਸ ਦੀ ਫ਼ੀਸ ਦੇਣ ਦੀ ਮੰਗ ਕਰ ਸਕਦਾ ਹੈ। ਡੀ.ਐਸ.ਸੀ.ਸੀ. (DSCC) ਤੁਹਾਡੀ ਤਰਫ਼ੋਂ ਤੁਹਾਡੇ ਆਪਣੇ ਵਕੀਲ ਨਾਲ ਸੰਪਰਕ ਕਰੇਗੀ।
- ਤੁਸੀਂ ਆਪਣੇ ਚੁਣੇ ਹੋਏ ਵਕੀਲ ਨਾਲ ਇਕਾਂਤ ਵਿੱਚ ਟੈਲੀਫ਼ੋਨ ਤੇ ਗੱਲ ਕਰਨ ਦੇ ਹੱਕਦਾਰ ਹੋ ਜਾਂ ਉਹ ਤੁਹਾਨੂੰ ਪੁਲਿਸ ਸਟੇਸ਼ਨ ਆ ਕੇ ਵੀ ਮਿਲਣ ਦਾ ਫ਼ੈਸਲਾ ਕਰ ਸਕਦੇ ਹਨ।
- ਜੇ ਤੁਹਾਡੇ ਪਸੰਦ ਦੇ ਵਕੀਲ ਨਾਲ ਸੰਪਰਕ ਨਾ ਹੋ ਸਕੇ, ਤਾਂ ਫਿਰ ਵੀ ਡਿਊਟੀ ਵਕੀਲ (Duty Solicitor) ਤੋਂ ਮੁਫ਼ਤ ਕਾਨੂੰਨੀ ਸਲਾਹ ਪ੍ਰਾਪਤ ਕਰਨ ਦਾ ਪ੍ਰਬੰਧ ਕਰਨ ਵਾਸਤੇ ਪੁਲਿਸ ਡੀ.ਐਸ.ਸੀ.ਸੀ. (DSCC) ਨੂੰ ਫ਼ੋਨ ਕਰ ਸਕਦੀ ਹੈ।

## 2. ਕਿਸੇ ਨੂੰ ਦੱਸਣਾ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ

- ਜਿਸ ਨੂੰ ਜਾਣਨ ਦੀ ਲੋੜ ਹੈ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ ਉਸ ਨਾਲ ਸੰਪਰਕ ਕਰਨ ਲਈ ਤੁਸੀਂ ਪੁਲਿਸ ਨੂੰ ਬੇਨਤੀ ਕਰ ਸਕਦੇ ਹੋ। ਇਹ ਮੁਫ਼ਤ ਹੈ।
- ਉਹ ਤੁਹਾਡੇ ਲਈ ਜਲਦੀ ਤੋਂ ਜਲਦੀ ਕਿਸੇ ਨਾਲ ਸੰਪਰਕ ਕਰਣਗੇ।

## 3. ਅਭਿਆਸ ਦਾ ਜਾਬਤਾ ਦੇਖਣਾ

- ਅਭਿਆਸ ਦਾ ਜਾਬਤਾ (Codes of Practice) ਉਹ ਨਿਯਮ ਹਨ ਜੋ ਤੁਹਾਨੂੰ ਦੱਸਣਗੇ ਕਿ ਤੁਹਾਡੇ ਪੁਲਿਸ ਸਟੇਸ਼ਨ ਠਹਿਰਨ ਦੌਰਾਨ ਪੁਲਿਸ ਕੀ ਕਰ ਸਕਦੀ ਹੈ ਅਤੇ ਕੀ ਨਹੀਂ ਕਰ ਸਕਦੀ। ਉਨ੍ਹਾਂ ਵਿੱਚ ਇਸ ਸੂਚਨਾ ਵਿੱਚ ਸੰਖਿਪਤ ਕੀਤੇ ਹੱਕਾਂ ਦਾ ਵੇਰਵਾ ਵੀ ਸ਼ਾਮਲ ਹੈ।
- ਪੁਲਿਸ ਤੁਹਾਨੂੰ ਅਭਿਆਸ ਦਾ ਜਾਬਤਾ (Codes of Practice) ਪੜ੍ਹਨ ਦੇਵੇਗੀ, ਪਰੰਤੂ ਤੁਸੀਂ ਇਹ ਨਹੀਂ ਕਰ ਸਕਦੇ ਜੇ ਪੁਲਿਸ ਦੀ ਇਹ ਲੱਭਤ ਸਾਬਿਤ ਹੋਵੇ ਕਿ ਤੁਸੀਂ ਕਾਨੂੰਨ ਤੋੜਿਆ ਹੈ।
- ਜੇ ਤੁਸੀਂ ਅਭਿਆਸ ਦਾ ਜਾਬਤਾ (Codes of Practice) ਪੜ੍ਹਨਾ ਚਾਹੋ, ਤਾਂ ਪੁਲਿਸ ਹਿਰਾਸਤ ਅਫ਼ਸਰ (Police Custody Officer) ਨੂੰ ਦੱਸੋ।

## 4. ਜੇ ਤੁਹਾਡੀ ਤਬੀਅਤ ਨਾ ਠੀਕ ਹੋਵੇ ਜਾਂ ਤੁਹਾਡੇ ਸੱਟ ਲੱਗੀ ਹੋਵੇ ਤਾਂ ਡਾਕਟਰੀ ਸਹਾਇਤਾ ਪ੍ਰਾਪਤ ਕਰਨੀ

- ਜੇ ਤੁਹਾਡੀ ਤਬੀਅਤ ਖ਼ਰਾਬ ਹੋਵੇ ਜਾਂ ਤੁਹਾਨੂੰ ਦਵਾਈ ਦੀ ਲੋੜ ਹੋਵੇ ਜਾਂ ਤੁਹਾਡੇ ਸੱਟ ਫੇਟ ਲੱਗੀ ਹੋਵੇ ਤਾਂ ਪੁਲਿਸ ਨੂੰ ਦੱਸੋ। ਉਹ ਤੁਹਾਡੇ ਲਈ ਡਾਕਟਰ ਜਾਂ ਨਰਸ ਜਾਂ ਹੋਰ ਕੋਈ ਸਿਹਤ ਪੇਸ਼ਾਵਰ ਨੂੰ ਕਾਲ ਕਰਣਗੇ ਅਤੇ ਇਹ ਮੁਫ਼ਤ ਹੈ।
- ਤੁਹਾਨੂੰ ਤੁਹਾਡੀ ਆਪਣੀ ਦਵਾਈ ਲੈਣ ਦੀ ਆਗਿਆ ਦਿੱਤੀ ਜਾ ਸਕਦੀ ਹੈ, ਪਰ ਪਹਿਲਾਂ ਪੁਲਿਸ ਨੂੰ ਜਾਂਚ ਕਰਨੀ ਹੋਵੇਗੀ। ਆਮ ਤੌਰ ਤੇ ਪਹਿਲਾਂ ਤੁਹਾਨੂੰ ਨਰਸ ਦੇਖੇਗੀ, ਪਰ ਜੇ ਤੁਹਾਨੂੰ ਲੋੜ ਹੋਈ ਤਾਂ ਪੁਲਿਸ ਡਾਕਟਰ ਸੱਦ

ਲਵੇਗੀ। ਤੁਸੀਂ ਹੋਰ ਕਿਸੇ ਡਾਕਟਰ ਨੂੰ ਦਿਖਾਉਣ ਦੀ ਬੇਨਤੀ ਕਰ ਸਕਦੇ ਹੋ, ਪਰ ਤੁਹਾਨੂੰ ਉਸ ਦਾ ਖ਼ਰਚਾ ਦੇਣਾ ਪੈ ਸਕਦਾ ਹੈ।

# 5. ਚੁੱਪ ਰਹਿਣ ਦਾ ਹੱਕ

ਜੇ ਤੁਹਾਨੂੰ ਸ਼ੱਕ ਕੀਤੇ ਹੋਏ ਅਪਰਾਧ ਬਾਰੇ ਸਵਾਲ ਪੁੱਛਿਆ ਜਾਵੇ, ਤਾਂ ਲਾਜ਼ਮੀ ਨਹੀਂ ਹੈ ਕਿ ਤੁਸੀਂ ਕੁਝ ਕਹੋ।

ਐਪਰ, ਇਹ ਤੁਹਾਡੇ ਬਚਾਅ ਲਈ ਨੁਕਸਾਨਦਾਇਕ ਹੋ ਸਕਦਾ ਹੈ ਜੇ ਤੁਸੀਂ ਸਵਾਲ ਪੁੱਛੇ ਜਾਣ ਸਮੇਂ ਉਸ ਚੀਜ਼ ਦਾ ਜ਼ਿਕਰ ਨਹੀਂ ਕਰਦੇ ਜਿਸ ਦਾ ਤੁਸੀਂ ਅਗਾਂਹ ਚੱਲ ਕੇ ਅਦਾਲਤ ਵਿੱਚ ਆਸਰਾ ਲੈਂਦੇ ਹੋ।

ਜੋ ਕੁਝ ਵੀ ਤੁਸੀਂ ਆਖੋਗੇ ਉਸ ਨੂੰ ਸਬੂਤ ਵੱਜੋਂ ਪੇਸ਼ ਕੀਤਾ ਜਾ ਸਕਦਾ ਹੈ।

# 6. ਤੁਹਾਡੇ ਤੇ ਕਿਸ ਅਪਰਾਧ ਕਰਨ ਪ੍ਰਤੀ ਸ਼ੱਕ ਕੀਤਾ ਜਾ ਰਿਹਾ ਹੈ ਬਾਰੇ ਜਾਣੂ ਹੋਣਾ ਅਤੇ ਤੁਹਾਨੂੰ ਕਿਉਂ ਗਿਰਫਤਾਰ ਕੀਤਾ ਅਤੇ ਹਿਰਾਸਤ ਵਿੱਚ ਰੱਖਿਆ ਜਾ ਰਿਹਾ ਹੈ ਬਾਰੇ ਜਾਣੂ ਹੋਣਾ

- ਪੁਲਿਸ ਨੂੰ ਤੁਹਾਨੂੰ ਦੱਸਣਾ ਲਾਜ਼ਮੀ ਹੈ ਕਿ ਉਨ੍ਹਾਂ ਦੇ ਖ਼ਿਆਲ ਵਿੱਚ ਤੁਸੀਂ ਕਿਸ ਪ੍ਰਕਾਰ ਦਾ ਅਪਰਾਧ ਕੀਤਾ ਹੈ। ਇਸ ਵਿੱਚ, ਉਨ੍ਹਾਂ ਦੇ ਖਿਆਲ ਵਿੱਚ ਇਹ ਅਪਰਾਧ ਕਦੋਂ ਅਤੇ ਕਿਥੇ ਕੀਤਾ ਗਿਆ ਸੀ, ਵੀ ਸ਼ਾਮਲ ਹੈ।
- ਪੁਲਿਸ ਨੂੰ ਤੁਹਾਨੂੰ ਦੱਸਣਾ ਲਾਜ਼ਮੀ ਹੈ ਕਿ ਉਹ ਇਹ ਕਿਉਂ ਸਮਝ ਰਹੇ ਹਨ ਕਿ ਤੁਸੀਂ ਇਹ ਅਪਰਾਧ ਕੀਤਾ ਹੈ ਅਤੇ ਉਨ੍ਹਾਂ ਦੇ ਖ਼ਿਆਲ ਵਿੱਚ ਤੁਹਾਨੂੰ ਕਿਉਂ ਗਿਰਫਤਾਰ ਕਰਨ ਦੀ ਲੋੜ ਪਈ ਹੈ।
- ਪੁਲਿਸ ਸਟੇਸ਼ਨ ਵਿੱਖੇ, ਪੁਲਿਸ ਨੂੰ ਤੁਹਾਨੂੰ ਦੱਸਣਾ ਲਾਜ਼ਮੀ ਹੈ ਕਿ ਉਨ੍ਹਾਂ ਦੇ ਖਿਆਲ ਵਿੱਚ ਤੁਹਾਨੂੰ ਹਿਰਾਸਤ ਵਿੱਚ ਰੱਖਣ ਦੀ ਕਿਉਂ ਲੋੜ ਹੈ।
- ਤੁਹਾਡੇ ਤੋਂ ਕਿਸੇ ਅਪਰਾਧ ਬਾਰੇ ਕੋਈ ਵੀ ਸਵਾਲ ਪੁੱਛਣ ਤੋਂ ਪਹਿਲਾਂ ਪੁਲਿਸ ਨੂੰ ਤੁਹਾਨੂੰ ਅਤੇ ਤੁਹਾਡੇ ਵਕੀਲ ਨੂੰ ਪੁਲਿਸ ਦੇ ਖਿਆਲ ਵਿੱਚ ਜੋ ਕੁਝ ਤੁਸੀਂ ਕੀਤਾ ਹੈ ਉਸ ਬਾਰੇ ਤੁਹਾਨੂੰ ਉਚਿਤ ਜਾਣਕਾਰੀ ਦੇਣੀ ਲਾਜ਼ਮੀ ਹੈ ਤਾਂ ਕਿ ਤੁਸੀਂ ਆਪਣਾ ਬਚਾਅ ਕਰ ਸਕੋ, ਪਰ ਉਸ ਸਮੇਂ ਤੇ ਨਹੀਂ ਜੋ ਪੁਲਿਸ ਦੀ ਜਾਂਚ ਦਾ ਨੁਕਸਾਨ ਕਰੇ।
- ਪੁਲਿਸ ਦੇ ਖ਼ਿਆਲ ਵਿੱਚ ਜੋ ਵੀ ਹੋਰ ਅਪਰਾਧ ਤੁਸੀਂ ਕੀਤੇ ਹੋਣ ਇਹ ਉਨ੍ਹਾਂ ਤੇ ਲਾਗੂ ਹੈ।

# 7. ਤੁਹਾਡੀ ਗਿਰਫਤਾਰੀ ਅਤੇ ਨਜ਼ਰਬੰਦੀ ਦੇ ਰਿਕਾਰਡ ਅਤੇ ਦਸਤਾਵੇਜ਼ ਦੇਖਣੇ

- ਜਦੋਂ ਤੁਹਾਨੂੰ ਪੁਲਿਸ ਸਟੇਸ਼ਨ ਵਿੱਖੇ ਨਜ਼ਰਬੰਦ ਕੀਤਾ ਗਿਆ ਹੋਵੇ, ਪੁਲਿਸ ਨੂੰ ਇਹ ਕਰਨਾ ਲਾਜ਼ਮੀ ਹੈ:
  - ~ ਤੁਹਾਡੇ ਹਿਰਾਸਤ ਰਿਕਾਰਡ ਵਿੱਚ ਤੁਹਾਡੀ ਗਿਰਫਤਾਰੀ ਦਾ ਕਾਰਨ ਅਤੇ ਲੋੜ ਰਿਕਾਰਡ ਕਰਨ ਅਤੇ ਉਨ੍ਹਾਂ ਦੇ ਖਿਆਲ ਵਿੱਚ ਤੁਹਾਨੂੰ ਹਿਰਾਸਤ ਵਿੱਚ ਰੱਖਣ ਦੀ ਕਿਉਂ ਲੋੜ ਸੀ, ਰਿਕਾਰਡ ਕਰਨ।
  - ~ ਤੁਹਾਨੂੰ ਅਤੇ ਤੁਹਾਡੇ ਵਕੀਲ ਨੂੰ ਇਹ ਰਿਕਾਰਡ ਦੇਖਣ ਦੇਣ। ਪੁਲਿਸ ਹਿਰਾਸਤ ਅਫ਼ਸਰ (police custody officer) ਇਸ ਦਾ ਪ੍ਰਬੰਧ ਕਰੇਗਾ।
- ਪੁਲਿਸ ਦੇ ਖ਼ਿਆਲ ਵਿੱਚ ਜੋ ਵੀ ਹੋਰ ਅਪਰਾਧ ਤੁਸੀਂ ਕੀਤੇ ਹੋਣ ਉਨ੍ਹਾਂ ਤੇ ਇਹ ਲਾਗੂ ਹੈ।
- ਪੁਲਿਸ ਲਈ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਉਨ੍ਹਾਂ ਸੱਭ ਦਸਤਾਵੇਜ਼ਾਂ ਅਤੇ ਸਮੱਗਰੀ ਤੱਕ ਪਹੁੰਚ ਕਰਨ ਦੇਣੀ ਲਾਜ਼ਮੀ ਹੈ ਜੋ ਤੁਹਾਡੀ ਗਿਰਫਤਾਰੀ ਅਤੇ ਹਿਰਾਸਤ ਦੇ ਕਾਨੂੰਨ ਅਨੁਸਾਰੀ ਹੋਣ ਦਾ ਕਾਰਗਰ ਵਿਰੋਧ ਕਰਨ ਲਈ ਬਹੁਤ ਜਰੂਰੀ ਹੋਣ।

## 8. ਤੁਹਾਡੀ ਮਦਦ ਕਰਨ ਲਈ ਦੁਭਾਸ਼ੀਆ ਸੱਦਣਾ ਅਤੇ ਖ਼ਾਸ ਦਸਤਾਵੇਜ਼ਾਂ ਦਾ ਅਨੁਵਾਦ ਕਰਾਉਣ ਦਾ ਪ੍ਰਬੰਧ ਕਰਨਾ

- ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ ਜਾਂ ਸਮਝਦੇ, ਤਾਂ ਪੁਲਿਸ ਤੁਹਾਡੀ ਮਦਦ ਕਰਨ ਲਈ ਤੁਹਾਡੀ ਭਾਸ਼ਾ ਬੋਲਣ ਵਾਲੇ ਕਿਸੇ ਵਿਅਕਤੀ ਦਾ ਪ੍ਰਬੰਧ ਕਰੇਗੀ। ਇਹ ਮੁਫ਼ਤ ਹੈ।
- ਜੇ ਤੁਸੀਂ ਬੋਲੇ ਹੋ ਜਾਂ ਤੁਹਾਨੂੰ ਬੋਲਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ, ਤਾਂ ਤੁਹਾਡੀ ਮਦਦ ਕਰਨ ਲਈ ਪੁਲਿਸ ਬਰਤਾਨਵੀ ਇਸ਼ਾਰਾ ਭਾਸ਼ਾ (British Sign Language) ਦੇ ਅੰਗਰੇਜ਼ੀ ਦੁਭਾਸ਼ੀਏ ਦਾ ਪ੍ਰਬੰਧ ਕਰੇਗੀ। ਇਹ ਮੁਫ਼ਤ ਹੈ।
- ਜੇ ਤੁਸੀਂ ਅੰਗ੍ਰੇਜ਼ੀ ਬੋਲ ਜਾਂ ਸਮਝ ਨਹੀਂ ਸਕਦੇ, ਤਾਂ ਪੁਲਿਸ ਤੁਹਾਨੂੰ ਦੱਸਣ ਲਈ ਕਿ ਉਹ ਤੁਹਾਨੂੰ ਹਿਰਾਸਤ ਵਿੱਚ ਕਿਉਂ ਰੱਖ ਰਹੇ ਹਨ ਪ੍ਰਤੀ ਜਾਣੂ ਕਰਾਉਣ ਲਈ ਦੁਭਾਸ਼ੀਆ ਬੁਲਾਵੇਗੀ। ਇਹ ਹਰ ਵਾਰ ਕੀਤਾ ਜਾਣਾ ਲਾਜ਼ਮੀ ਹੈ ਜਦੋਂ ਵੀ ਪੁਲਿਸ ਤੁਹਾਨੂੰ ਹਿਰਾਸਤ ਵਿੱਚ ਰੱਖਣ ਦਾ ਫੈਸਲਾ ਕਰੇ।
- ਤੁਹਾਨੂੰ ਹਿਰਾਸਤ ਵਿੱਚ ਰੱਖਣ ਦੇ ਹਰ ਇੱਕ ਫੈਸਲੇ ਤੋਂ ਬਾਅਦ ਅਤੇ ਤੁਹਾਡੇ ਵਿਰੁੱਧ ਕਿਸੇ ਵੀ ਦੋਸ਼ ਲਾਉਣ ਤੋਂ ਬਾਅਦ, ਪੁਲਿਸ ਤੁਹਾਨੂੰ ਹਿਰਾਸਤ ਵਿੱਚ ਕਿਉਂ ਰੱਖ ਰਹੇ ਹਨ ਅਤੇ ਜਿਸ ਅਪਰਾਧ ਵਿੱਚ ਤੁਹਾਡੇ ਵਿਰੁੱਧ ਦੋਸ਼ ਲਾਇਆ ਗਿਆ ਹੋਵੇ ਲਈ ਪੁਲਿਸ ਨੂੰ ਤੁਹਾਨੂੰ ਤੁਹਾਡੀ ਭਾਸ਼ਾ ਵਿੱਚ ਰਿਕਾਰਡ ਦੇਣਾ ਵੀ ਲਾਜ਼ਮੀ ਹੈ, ਕੇਵਲ ਤਾਂ ਹੀ ਨਹੀਂ ਦੇਣ ਦੀ ਲੋੜ ਜੇ ਨਾ ਦੇਣ ਲਈ ਖ਼ਾਸ ਕਾਰਨ ਹੋਣ। ਉਹ ਕਾਰਨ ਹਨ:
    - ~ ਜੇ ਤੁਸੀਂ ਫੈਸਲਾ ਕੀਤਾ ਕਿ ਤੁਹਾਨੂੰ ਆਪਣਾ ਬਚਾਅ ਕਰਨ ਲਈ ਰਿਕਾਰਡ ਦੀ ਲੋੜ ਨਹੀਂ ਹੈ ਕਿਉਂਕਿ ਜੋ ਕੁਝ ਹੋ ਰਿਹਾ ਹੈ ਅਤੇ ਰਿਕਾਰਡ ਪ੍ਰਾਪਤ ਕਰਨ ਦਾ ਆਪਣਾ ਹੱਕ ਛੱਡਣ ਦੇ ਨਤੀਜਿਆਂ ਬਾਰੇ ਪੂਰੀ ਤਰ੍ਹਾਂ ਸਮਝ ਲੱਗ ਗਈ ਹੈ ਅਤੇ ਤੁਹਾਨੂੰ ਫੈਸਲਾ ਕਰਨ ਵਿੱਚ ਮਦਦ ਲਈ ਵਕੀਲ ਨੂੰ ਪੁੱਛਣ ਦੀ ਅਗਿਆ ਦਿੱਤੀ ਗਈ ਹੋਵੇ। ਤੁਹਾਨੂੰ ਆਪਣੀ ਸਹਿਮਤੀ ਲਿੱਖਤੀ ਰੂਪ ਵਿੱਚ ਦੇਣੀ ਵੀ ਲਾਜ਼ਮੀ ਹੈ।
    - ~ ਜੇ ਤੁਹਾਡੇ ਲਈ ਆਪਣਾ ਬਚਾਅ ਕਰਨ ਅਤੇ ਕੀ ਹੋ ਰਿਹਾ ਹੈ ਬਾਰੇ ਪੂਰੀ ਤਰ੍ਹਾਂ ਸਮਝਣ ਲਈ ਲਿੱਖਤੀ ਅਨੁਵਾਦ ਦੀ ਬਜਾਏ ਜਬਾਨੀ ਅਨੁਵਾਦ ਜਾਂ ਦੁਭਾਸ਼ੀਏ ਦੁਆਰਾ ਸੰਖੇਪ ਕਾਫ਼ੀ ਹੈ। ਹਿਰਾਸਤ ਅਫ਼ਸਰ (custody officer) ਨੂੰ ਇਸ ਦੀ ਆਗਿਆ ਦੇਣੀ ਵੀ ਲਾਜ਼ਮੀ ਹੈ।
- ਜਦੋਂ ਪੁਲਿਸ ਤੁਹਾਨੂੰ ਸਵਾਲ ਪੁੱਛੇ ਅਤੇ ਸੁਣਨ ਵਾਲੇ ਰੂਪ ਵਿੱਚ (ਆਡਿਓ) ਰਿਕਾਰਡਿੰਗ ਨਾ ਕਰੇ, ਦੁਭਾਸ਼ੀਆ ਸਵਾਲਾਂ ਅਤੇ ਤੁਹਾਡੇ ਜਵਾਬਾਂ ਦਾ ਤੁਹਾਡੀ ਭਾਸ਼ਾ ਵਿੱਚ ਰਿਕਾਰਡ ਕਾਇਮ ਕਰੇਗਾ/ਗੀ। ਇਸ ਉੱਪਰ ਇਸ ਦੇ ਸਹੀ ਰਿਕਾਰਡ ਹੋਣ ਵੱਜੋਂ ਦਸਤਖ਼ਤ ਕਰਨ ਤੋ ਪਹਿਲਾਂ ਤੁਸੀਂ ਇਸ ਦੀ ਜਾਂਚ ਕਰ ਸਕੋਗੇ।
- ਜੇ ਤੁਸੀਂ ਪੁਲਿਸ ਨੂੰ ਬਿਆਨ ਦੇਣਾ ਚਾਹੋ, ਤਾਂ ਤੁਹਾਡੇ ਲਈ ਜਾਂਚ ਕਰਨ ਅਤੇ ਸਹੀ ਹੋਣ ਵੱਜੋਂ ਇਸ ਉੱਤੇ ਦਸਤਖ਼ਤ ਕਰਨ ਲਈ ਦੁਭਾਸ਼ੀਆ ਤੁਹਾਡੀ ਭਾਸ਼ਾ ਵਿੱਚ ਉਸ ਬਿਆਨ ਦੀ ਕਾਪੀ ਬਣਾਵੇਗਾ।
- ਤੁਹਾਨੂੰ ਇਸ ਸੂਚਨਾ ਦੇ ਅਨੁਵਾਦ ਦਾ ਵੀ ਹੱਕ ਹੈ। ਜੇ ਅਨੁਵਾਦ ਉਪਲਬਧ ਨਾ ਹੋਵੇ, ਤਾਂ ਤੁਹਾਨੂੰ ਇਹ ਜਾਣਕਾਰੀ ਦੁਭਾਸ਼ੀਏ ਰਾਹੀਂ ਦਿੱਤੀ ਜਾਣੀ ਅਤੇ ਬਿਨ੍ਹਾ ਜਾਇਜ਼ ਦੇਰੀ ਕੀਤੇ ਅਨੁਵਾਦ ਪ੍ਰਦਾਨ ਕੀਤਾ ਜਾਣਾ ਲਾਜ਼ਮੀ ਹੈ।

## 9. ਤੁਹਾਡੀ ਐਂਬੇਸੀ ਜਾਂ ਕੌਨਸੋਲੇਟ ਨਾਲ ਸੰਪਰਕ ਕਰਨਾ

ਜੇ ਤੁਸੀਂ ਬਰਤਾਨਵੀ ਨਹੀਂ ਹੋ, ਤਾਂ ਤੁਸੀਂ ਪੁਲਿਸ ਨੂੰ ਦੱਸ ਸਕਦੇ ਹੋ ਕਿ ਤੁਸੀਂ ਆਪਣੇ ਹਾਈ ਕਮਿਸ਼ਨ, ਐਂਬੇਸੀ ਜਾਂ ਕੌਨਸੋਲੇਟ ਨੂੰ ਇਹ ਦੱਸਣ ਲਈ ਕਿ ਤੁਸੀਂ ਕਿੱਥੇ ਹੋ ਅਤੇ ਪੁਲਿਸ ਸਟੇਸ਼ਨ ਵਿੱਚ ਕਿਉਂ ਹੋ ਇਨ੍ਹਾਂ ਨਾਲ ਸੰਪਰਕ ਕਰਨਾ ਚਾਹੁੰਦੇ ਹੋ। ਉਹ ਤੁਹਾਨੂੰ ਇਕਾਂਤ ਵਿੱਚ ਆ ਕੇ ਵੀ ਮਿਲ ਸਕਦੇ ਹਨ ਜਾਂ ਤੁਹਾਡੇ ਲਈ ਵਕੀਲ ਦਾ ਪ੍ਰਬੰਧ ਕਰ ਸਕਦੇ ਹਨ।

## 10. ਤੁਹਾਨੂੰ ਕਿੰਨ੍ਹਾ ਸਮਾਂ ਨਜ਼ਰਬੰਦ ਰੱਖਿਆ ਜਾ ਸਕਦਾ ਹੈ

- ਆਮ ਤੌਰ ਤੇ ਤੁਹਾਨੂੰ ਦੋਸ਼ ਆਰੋਪਣ ਤੋਂ ਬਗੈਰ 24 ਘੰਟਿਆਂ ਤੱਕ ਨਜ਼ਰਬੰਦ ਰੱਖਿਆ ਜਾ ਸਕਦਾ ਹੈ। ਇਹ ਸਮਾਂ ਵੱਧ ਵੀ ਹੋ ਸਕਦਾ ਹੈ ਪਰ ਕੇਵਲ ਤਾਂ ਹੀ ਜੇ ਅਪਰਾਧ ਦੇ ਮੁਕੱਦਮੇ ਦੀ ਸੁਣਵਾਈ ਜੱਜ ਅਤੇ ਜਿਊਰੀ ਕ੍ਰਾਊਨ ਕੋਰਟ ਵਿੱਚ ਕਰ ਸਕਦੇ ਹੋਣ ਅਤੇ ਪੁਲਿਸ ਸੁਪਰਇਨਟੈਂਡੰਟ (Police Superintendent) ਜਾਂ ਅਦਾਲਤ ਇਸ ਦੀ ਆਗਿਆ ਦੇਵੇ। 36 ਘੰਟਿਆਂ ਤੋਂ ਬਾਅਦ, ਦੋਸ਼ ਆਰੋਪਣ ਤੋਂ ਬਗੈਰ ਪੁਲਿਸ ਨੂੰ ਤੁਹਾਨੂੰ ਵਧੇਰੇ ਸਮਾਂ ਨਜ਼ਰਬੰਦ ਰੱਖਣ ਲਈ ਕੇਵਲ ਅਦਾਲਤ ਹੀ ਆਗਿਆ ਦੇ ਸਕਦੀ ਹੈ।

- ਕੁਝ ਕੁਝ ਸਮੇਂ ਬਾਅਦ, ਇਹ ਦੇਖਣ ਲਈ ਕਿ ਤੁਹਾਨੂੰ ਪੁਲਿਸ ਸਟੇਸ਼ਨ ਵਿੱਚ ਹਾਲੇ ਵੀ ਰੱਖਿਆ ਜਾਣਾ ਚਾਹੀਦਾ ਹੈ ਜਾਂ ਨਹੀਂ, ਸੀਨੀਅਰ ਪੁਲਿਸ ਅਫ਼ਸਰ ਨੂੰ ਤੁਹਾਡੇ ਕੇਸ ਨੂੰ ਜਰੂਰ ਦੇਖ਼ਣਾ ਚਾਹੀਦਾ ਹੈ। ਇਸ ਨੂੰ ਮੁੜ-ਵਿਚਾਰ (review) ਆਖਦੇ ਹਨ ਅਤੇ ਅਫ਼ਸਰ ਨੂੰ ਸਮੀਖਿਆ ਅਫ਼ਸਰ ਆਖਦੇ ਹਨ। ਬਸ਼ਰਤੇ ਕਿ ਤੁਸੀਂ ਸਹੀ ਸਲਾਮਤ ਨਾ ਹੋਵੋ, ਤੁਹਾਨੂੰ ਇਸ ਫੈਸਲੇ ਬਾਰੇ ਆਪਣੇ ਵਿਚਾਰ ਲਿਖ ਕੇ ਜਾਂ ਸਮੀਖਿਆ ਅਫ਼ਸਰ ਨੂੰ ਮਿਲ ਕੇ ਜਾਂ ਟੈਲੀਵਿਜ਼ਨ ਲਿੰਕ ਤੇ ਦੱਸਣ ਦਾ ਹੱਕ ਹੈ। ਤੁਹਾਡੇ ਵਕੀਲ ਨੂੰ ਵੀ ਤੁਹਾਡੀ ਤਰਫੋਂ ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਦਾ ਹੱਕ ਹੈ।

- ਜੇ ਸਮੀਖਿਆ ਅਫ਼ਸਰ ਤੁਹਾਨੂੰ ਨਾ ਰਿਹਾ ਕਰੇ, ਤਾਂ ਤੁਹਾਨੂੰ ਦੱਸਣਾ ਲਾਜ਼ਮੀ ਹੈ ਕਿ ਕਿਉਂ ਨਹੀਂ ਰਿਹਾ ਕੀਤਾ ਜਾ ਰਿਹਾ ਹੈ ਅਤੇ ਇਸਦਾ ਕਾਰਨ ਤੁਹਾਡੇ ਹਿਰਾਸਤ ਰਿਕਾਰਡ ਵਿੱਚ ਅੰਕਿਤ ਕੀਤਾ ਜਾਣਾ ਚਾਹੀਦਾ ਹੈ।

- ਜੇ ਤੁਹਾਡੀ ਨਜ਼ਰਬੰਦੀ ਜਰੂਰੀ ਨਾ ਹੋਵੇ, ਤਾਂ ਤੁਹਾਨੂੰ ਰਿਹਾ ਕੀਤਾ ਜਾਣਾ ਲਾਜ਼ਮੀ ਹੈ। ਜੇ ਪੁਲਿਸ ਤੁਹਾਨੂੰ ਦੱਸਦੀ ਹੈ ਕਿ ਉਹ ਇਸ ਅਪਰਾਧ ਦੀ ਜਾਂਚ ਕਰਨੀ ਜਾਰੀ ਰੱਖਣੀ ਚਾਹੁੰਦੀ ਹੈ, ਤਾਂ ਤੁਹਾਨੂੰ ਜਾਂ ਤਾਂ ਜ਼ਮਾਨਤ ਤੇ ਜਾਂ ਜ਼ਮਾਨਤ ਤੋ ਬਿਨਾਂ ਰਿਹਾ ਕੀਤਾ ਜਾਵੇਗਾ। ਜੇ ਜ਼ਮਾਨਤ ਮਿਲ ਜਾਵੇ, ਤਾਂ ਤੁਹਾਨੂੰ ਇਕ ਲਿਖ਼ਤ ਨੋਟਿਸ ਦਿੱਤਾ ਜਾਣਾ ਚਾਹੀਦਾ ਹੈ ਜੋ ਤੁਹਾਨੂੰ ਇਹ ਦੱਸੇਗਾ ਕਿ ਤੁਹਾਨੂੰ ਪੁਲਿਸ ਸਟੇਸ਼ਨ ਵਾਪਸ ਜ਼ਰੂਰ ਆਉਣਾ ਚਾਹੀਦਾ ਹੈ ਅਤੇ ਇਹ ਤੁਹਾਡੀ ਜ਼ਮਾਨਤ ਤੇ ਲਾਗੂ ਹੋਣ ਵਾਲੀਆਂ ਹੋਰ ਸ਼ਰਤਾਂ ਬਾਰੇ ਵੀ ਦੱਸੇਗਾ।

- ਜਦੋਂ ਪੁਲਿਸ ਤੁਹਾਡੀ ਨਜ਼ਰਬੰਦੀ ਵਧਾਉਣ ਲਈ ਅਦਾਲਤ ਨੂੰ ਬੇਨਤੀ ਕਰਨੀ ਚਾਹੁੰਦੀ ਹੈ:

  ~ ਜਦੋਂ ਤੱਕ ਇਕ ਟੈਲੀਵਿਜ਼ਨ ਲਿੰਕ ਸਥਾਪਤ ਨਹੀਂ ਕੀਤਾ ਜਾਂਦਾ ਤੁਹਾਡਾ ਸੁਣਵਾਈ ਲਈ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਲਾਜ਼ਮੀ ਹੈ, ਤਾਂ ਜੋ ਤੁਸੀਂ ਅਦਾਲਤ ਵਿਚ ਲੋਕਾਂ ਨੂੰ ਦੇਖ ਅਤੇ ਸੁਣ ਸਕੋ ਅਤੇ ਉਹ ਤੁਹਾਨੂੰ ਦੇਖ ਅਤੇ ਸੁਣ ਸਕਦੇ ਹੋਣ।

  ~ ਇਕ ਟੈਲੀਵਿਜ਼ਨ ਲਿੰਕ ਨੂੰ ਉਸ ਸਮੇਂ ਤੱਕ ਸਥਾਪਤ ਨਹੀਂ ਕੀਤਾ ਜਾ ਸਕਦਾ ਜਦੋਂ ਤੱਕ ਕਸਟਡੀ ਅਫ਼ਸਰ ਇਸਨੂੰ ਢੁੱਕਵਾਂ ਨਹੀਂ ਸਮਝਦਾ, ਇਕ ਵਕੀਲ ਨੇ ਤੁਹਾਨੂੰ ਇਸਦੀ ਵਰਤੋਂ ਬਾਰੇ ਦੱਸਿਆ ਹੈ ਅਤੇ ਤੁਸੀਂ ਆਪਣੀ ਸਹਿਮਤੀ ਦਿੱਤੀ ਹੈ।

  ~ ਤੁਹਾਨੂੰ ਉਸ ਜਾਣਕਾਰੀ ਦੀ ਕਾਪੀ ਦਿੱਤੀ ਜਾਣੀ ਲਾਜ਼ਮੀ ਹੈ ਜੋ ਸਬੂਤ ਬਾਰੇ ਅਤੇ ਪੁਲਿਸ ਤੁਹਾਨੂੰ ਹਿਰਾਸਤ ਵਿੱਚ ਕਿਉਂ ਰੱਖਣਾ ਚਾਹੁੰਦੀ ਹੈ ਬਾਰੇ ਅਦਾਲਤ ਨੂੰ ਦੱਸਦੀ ਹੋਵੇ।

  ~ ਤੁਹਾਨੂੰ ਤੁਹਾਡੇ ਨਾਲ ਅਦਾਲਤੀ ਸੁਣਵਾਈ ਲਈ ਵਕੀਲ ਦਾ ਅਧਿਕਾਰ ਹੈ।

  ~ ਪੁਲਿਸ ਨੂੰ ਤੁਹਾਨੂੰ ਹਿਰਾਸਤ ਵਿੱਚ ਰੱਖਣ ਦੀ ਆਗਿਆ ਕੇਵਲ ਤਾਂ ਹੀ ਦਿੱਤੀ ਜਾਵੇਗੀ ਜੇ ਅਦਾਲਤ ਮੰਨੇ ਕਿ ਇਹ ਜਰੂਰੀ ਹੈ ਅਤੇ ਪੁਲਿਸ ਤੁਹਾਡੇ ਕੇਸ ਦੀ ਜਾਂਚ ਧਿਆਨ ਨਾਲ ਅਤੇ ਸਮਾਂ ਖ਼ਰਾਬ ਕਰਨ ਤੋਂ ਬਗੈਰ ਕਰ ਰਹੀ ਹੈ।

- ਜੇ ਪੁਲਿਸ ਕੋਲ ਤੁਹਾਨੂੰ ਅਦਾਲਤ ਵਿੱਚ ਭੇਜਣ ਲਈ ਉਚਿਤ ਸਬੂਤ ਹੋਣ, ਤਾਂ ਤੁਹਾਡੇ ਵਿਰੁੱਧ ਮੁਕੱਦਮਾ ਚਲਾਉਣ ਲਈ ਅਦਾਲਤ ਵਿੱਚ ਪੇਸ਼ ਹੋਣ ਵਾਸਤੇ ਤੁਹਾਡਾ ਪੁਲਿਸ ਸਟੇਸ਼ਨ ਜਾਂ ਡਾਕ ਰਾਹੀਂ ਦੋਸ਼ ਆਰੋਪਣ ਕੀਤਾ ਜਾ ਸਕਦਾ ਹੈ।

## 11. ਜੇ ਤੁਹਾਡਾ ਕੇਸ ਅਦਾਲਤ ਵਿੱਚ ਚਲਾ ਜਾਵੇ ਤਾਂ ਸਬੂਤ ਤੱਕ ਪਹੁੰਚ

- ਜੇ ਤੁਹਾਡੇ ਤੇ ਅਪਰਾਧ ਦਾ ਦੋਸ਼ ਆਰੋਪਣ ਕੀਤਾ ਜਾਵੇ, ਤਾਂ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਤੁਹਾਡੇ ਵਿਰੁੱਧ ਸਬੂਤ ਅਤੇ ਨਾਲੇ ਉਹ ਸਬੂਤ ਜੋ ਤੁਹਾਡੇ ਬਚਾਅ ਵਿੱਚ ਸਹਾਈ ਹੋ ਸਕਦਾ ਹੋਵੇ ਦੇਖਣ ਦੇਣਾ ਲਾਜ਼ਮੀ ਹੈ। ਇਹ ਤੁਹਾਡਾ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ। ਪੁਲਿਸ ਅਤੇ ਸਰਕਾਰੀ ਮੁਕੱਦਮਾ ਪੈਰਵਈ ਸੇਵਾ (Crown Prosecution Service) ਨੂੰ ਇਸ ਦਾ ਪ੍ਰਬੰਧ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਸੰਬੰਧਿਤ ਦਸਤਾਵੇਜ਼ਾਂ ਅਤੇ ਸਮੱਗਰੀ ਤੱਕ ਪਹੁੰਚ ਪ੍ਰਦਾਨ ਕਰਨੀ ਚਾਹੀਦੀ ਹੈ।

# ਪੁਲਿਸ ਸਟੇਸ਼ਨ ਵਿੱਚ ਹੋਣ ਸਮੇਂ ਜਾਨਣ ਵਾਲੀਆਂ ਹੋਰ ਚੀਜ਼ਾਂ

## ਤੁਹਾਡੇ ਨਾਲ ਕੀ ਵਿਹਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਤੁਹਾਡੀ ਦੇਖਭਾਲ ਕਿਵੇਂ ਕੀਤੀ ਜਾਣੀ ਚਾਹੀਦੀ ਹੈ

ਤੁਹਾਨੂੰ ਪੁਲਿਸ ਸਟੇਸ਼ਨ ਰੱਖੇ ਜਾਣ ਦੌਰਾਨ ਤੁਸੀਂ ਕੀ ਹੋਣ ਦੀ ਆਸ ਕਰ ਸਕਦੇ ਹੋ ਬਾਰੇ ਇਹ ਲਿੱਖਤ ਤੁਹਾਨੂੰ ਦੱਸਦੀ ਹੈ। ਵਧੇਰੇ ਪਤਾ ਕਰਨ ਲਈ ਅਭਿਆਸ ਦਾ ਜਾਬਤਾ (Codes of Practice) ਦੇਖੋ। ਉਨ੍ਹਾਂ ਵਿੱਚ ਇਨ੍ਹਾਂ ਹਰ ਇੱਕ ਚੀਜ਼ਾਂ ਬਾਰੇ ਵਧੇਰੇ ਜਾਣਕਾਰੀ ਕਿਥੋਂ ਲੱਭੀ ਜਾ ਸਕਦੀ ਹੈ ਬਾਰੇ ਸੂਚੀ ਸ਼ਾਮਲ ਹੈ। ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਪੁਲਿਸ ਹਿਰਾਸਤ ਅਫ਼ਸਰ ਨੂੰ ਪੁੱਛੋ।

## ਜਿਨ੍ਹਾਂ ਲੋਕਾਂ ਨੂੰ ਮਦਦ ਦੀ ਲੋੜ ਹੈ

- ਜੇ ਤੁਹਾਡੀ ਉੱਮਰ 18 ਸਾਲ ਤੋਂ ਘੱਟ ਹੈ ਜਾਂ ਤੁਸੀਂ ਨਿਰਬਲ ਹੋ, ਉਦਾਹਰਨ ਵੱਜੋਂ ਤੁਹਾਨੂੰ ਸਿੱਖਲਾਈ ਮੁਸ਼ਕਲਾਂ ਪੇਸ਼ ਹਨ ਜਾਂ ਮਾਨਸਿਕ ਸਿਹਤ ਸਮੱਸਿਆਵਾਂ ਹਨ ਤਾਂ ਜਦੋਂ ਪੁਲਿਸ ਕੁਝ ਖ਼ਾਸ ਚੀਜ਼ਾਂ ਕਰਨ ਤਾਂ ਉਸ ਸਮੇਂ ਤੁਹਾਨੂੰ ਤੁਹਾਡਾ ਸਾਥ ਦੇਣ ਲਈ ਕਿਸੇ ਵਿਅਕਤੀ ਨੂੰ ਆਪਣੇ ਕੋਲ ਰੱਖਣ ਦਾ ਹੱਕ ਹੈ। ਇਸ ਵਿਅਕਤੀ ਨੂੰ “ਉਚਿਤ ਬਾਲਗ” (“appropriate adult”) ਆਖਦੇ ਹਨ ਅਤੇ ਉਸ ਨੂੰ ਇਸ ਸੂਚਨਾ ਦੀ ਕਾਪੀ ਦਿੱਤੀ ਜਾਵੇਗੀ।
- ਤੁਹਾਡਾ ਉਚਿਤ ਬਾਲਗ ਤੁਹਾਨੂੰ ਇਹ ਸਮਝਣ ਵਿਚ ਮਦਦ ਕਰੇਗਾ ਕਿ ਕੀ ਵਾਪਰ ਰਿਹਾ ਹੈ ਅਤੇ ਤੁਹਾਡੇ ਹਿੱਤਾਂ ਦਾ ਧਿਆਨ ਰੱਖੇਗਾ। ਜਦੋਂ ਪੁਲਿਸ ਤੁਹਾਨੂੰ ਤੁਹਾਡੇ ਹੱਕਾਂ ਬਾਰੇ ਅਤੇ ਤੁਹਾਨੂੰ ਪੁਲਿਸ ਸਟੇਸ਼ਨ ਵਿੱਚ ਕਿਉਂ ਰੱਖਿਆ ਜਾ ਰਿਹਾ ਹੈ ਬਾਰੇ ਦੱਸੇ, ਤੁਹਾਡਾ ਉਚਿਤ ਬਾਲਗ ਤੁਹਾਡੇ ਨਾਲ ਹੋਣਾ ਚਾਹੀਦਾ ਜਾਂ ਚਾਹੀਦੀ ਹੈ। ਜਦੋਂ ਪੁਲਿਸ ਤੁਹਾਨੂੰ ਪੁਲਿਸ ਚੇਤਾਵਨੀ (police caution) ਪੜ੍ਹਣ, ਉਚਿਤ ਬਾਲਗ ਤੁਹਾਡੇ ਨਾਲ ਉਸ ਸਮੇਂ ਵੀ ਹੋਣਾ ਚਾਹੀਦਾ ਜਾਂ ਚਾਹੀਦੀ ਹੈ।
- ਤੁਹਾਡਾ ਉਚਿਤ ਬਾਲਗ ਤੁਹਾਡੀ ਤਰਫ਼ੋਂ ਤੁਹਾਡੇ ਲਈ ਵਕੀਲ ਦੀ ਵੀ ਮੰਗ ਕਰ ਸਕਦਾ/ਦੀ ਹੈ।
- ਜੇ ਤੁਸੀਂ ਚਾਹੋ ਤਾਂ ਕਮਰੇ ਵਿੱਚ ਆਪਣੇ ਉਚਿਤ ਬਾਲਗ ਤੋਂ ਬਗੈਰ ਤੁਸੀਂ ਆਪਣੇ ਵਕੀਲ ਨਾਲ ਗੱਲ ਕਰ ਸਕਦੇ ਹੋ।
- ਤੁਹਾਡੇ ਪੁਲਿਸ ਸਟੇਸ਼ਨ ਵਿੱਚ ਹੋਣ ਸਮੇਂ ਦੌਰਾਨ ਪੁਲਿਸ ਨੂੰ ਹੇਠ ਲਿੱਖਤ ਸੂਚੀਬੱਧ ਚੀਜ਼ਾਂ ਵਿੱਚੋਂ ਕੋਈ ਇੱਕ ਕਰਨ ਦੀ ਲੋੜ ਵੀ ਪੈ ਸਕਦੀ ਹੈ। ਤੁਹਾਡੇ ਉਚਿਤ ਬਾਲਗ ਦਾ, ਜਦ ਤਕ ਕਿ ਕੋਈ ਖ਼ਾਸ ਕਾਰਨ ਨਾ ਹੋਵੇ, ਜੇ ਪੁਲਿਸ ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਕਰੇ ਤਾਂ ਤੁਹਾਡੇ ਉਚਿਤ ਬਾਲਗ ਨੂੰ ਤੁਹਾਡੇ ਸਾਥ ਪੂਰਾ ਸਮਾਂ ਹੋਣਾ ਲਾਜ਼ਮੀ ਹੈ:

  ~ ਤੁਹਾਡਾ ਇੰਟਰਵਿਊ ਕਰਨ ਜਾਂ ਤੁਹਾਨੂੰ ਲਿੱਖਤੀ ਬਿਆਨ ਜਾਂ ਪੁਲਿਸ ਲਿੱਖਤ ਉੱਪਰ ਦਸਤਖ਼ਤ ਕਰਨ ਲਈ ਆਖਣ।

  ~ ਤੁਹਾਡੀ ਤਲਾਸ਼ੀ ਕਰਨ ਲਈ ਤੁਹਾਡੇ ਉਪਰਲੇ ਕੱਪੜਿਆਂ ਤੋਂ ਜਿਆਦਾ ਉਤਾਰਨ।

  ~ ਤੁਹਾਡੇ ਉਂਗਲਾਂ ਦੇ ਨਿਸ਼ਾਨ ਲੈਣੇ, ਫ਼ੋਟੋ ਖਿੱਚਣੀ ਜਾਂ ਡੀ.ਐਨ.ਏ. (DNA) ਜਾਂ ਹੋਰ ਨਮੂਨਾ ਪ੍ਰਾਪਤ ਕਰਨਾ।

  ~ ਗਵਾਹ ਦੀ ਪਛਾਣ ਕਾਰਵਾਈ (witness identification procedure) ਨਾਲ ਸੰਬੰਧਿਤ ਕੋਈ ਵੀ ਕਾਰਵਾਈ ਕਰਨੀ।
- ਤੁਹਾਡੇ ਉਚਿਤ ਬਾਲਗ ਨੂੰ ਤੁਹਾਡੀ ਮਦਦ ਲਈ ਵਿਅਕਤੀਗਤ ਤੌਰ ਤੇ ਜਾਂ ਫ਼ੋਨ ਤੇ ਉਪਲਬੱਧ ਹੋਣ ਦਾ ਮੌਕਾ ਦੇਣਾ ਚਾਹੀਦਾ ਹੈ, ਜਦੋਂ ਇਹ ਦੇਖਣ ਲਈ ਕਿ ਤੁਹਾਨੂੰ ਹੋਰ ਸਮਾਂ ਨਜ਼ਰਬੰਦ ਰੱਖਿਆ ਜਾਣਾ ਚਾਹੀਦਾ ਹੈ ਜਾਂ ਨਹੀਂ ਲਈ ਪੁਲਿਸ ਤੁਹਾਡੇ ਕੇਸ ਦਾ ਮੁੜ-ਵਿਚਾਰ (review) ਕਰਨ।
- ਜੇ ਤੁਹਾਡਾ ਉਚਿਤ ਬਾਲਗ ਉਪਲਬੱਧ ਹੋਵੇ, ਤਾਂ ਜਦੋਂ ਪੁਲਿਸ ਤੁਹਾਡੇ ਤੇ ਅਪਰਾਧ ਦਾ ਦੋਸ਼ ਆਰੋਪਣ ਕਰਨ ਉਸ ਸਮੇਂ ਉਸ ਨੂੰ ਮੌਜੂਦ ਹੋਣਾ ਲਾਜ਼ਮੀ ਹੈ।

## ਪੁਲਿਸ ਸਟੇਸ਼ਨ ਵਿੱਚ ਤੁਹਾਡੇ ਬਿਤਾਏ ਸਮੇਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ

- ਜਦੋਂ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੁੰਦੇ ਹੋ, ਜੋ ਕੁਝ ਵੀ ਤੁਹਾਡੇ ਨਾਲ ਹੁੰਦਾ ਹੈ ਉਸ ਨੂੰ ਰਿਕਾਰਡ ਕੀਤਾ ਜਾਂਦਾ ਹੈ। ਇਸ ਨੂੰ ਹਿਰਾਸਤ ਰਿਕਾਰਡ (Custody Record) ਆਖਦੇ ਹਨ।
- ਜਦੋਂ ਤੁਸੀਂ ਪੁਲਿਸ ਸਟੇਸ਼ਨ ਛੱਡ ਕੇ ਜਾਓ, ਤੁਸੀਂ, ਤੁਹਾਡਾ ਵਕੀਲ ਜਾਂ ਤੁਹਾਡਾ ਉਚਿਤ ਬਾਲਗ ਤੁਹਾਡੇ ਹਿਰਾਸਤ ਰਿਕਾਰਡ ਦੀ ਕਾਪੀ ਦੀ ਮੰਗ ਕਰ ਸਕਦਾ ਹੈ। ਪੁਲਿਸ ਨੂੰ ਉਹ ਜਿੰਨਾ ਵੀ ਜਲਦੀ ਕਰ ਸਕਣ ਤੁਹਾਨੂੰ ਤੁਹਾਡੇ ਹਿਰਾਸਤ ਰਿਕਾਰਡ ਦੀ ਕਾਪੀ ਦੇਣੀ ਲਾਜ਼ਮੀ ਹੈ।

- ਤੁਸੀਂ ਪੁਲਿਸ ਸਟੇਸ਼ਨ ਛੱਡਣ ਤੋਂ ਬਾਅਦ 12 ਮਹੀਨਿਆਂ ਤੱਕ ਆਪਣੇ ਹਿਰਾਸਤ ਰਿਕਾਰਡ ਦੀ ਕਾਪੀ ਪੁਲਿਸ ਤੋਂ ਮੰਗ ਸਕਦੇ ਹੋ।

## ਸੰਪਰਕ ਵਿੱਚ ਰਹਿਣਾ

- ਵਕੀਲ ਨਾਲ ਗੱਲ ਕਰਨ ਅਤੇ ਕਿਸੇ ਵਿਅਕਤੀ ਨੂੰ ਤੁਹਾਡੀ ਗਿਰਫਤਾਰੀ ਬਾਰੇ ਦੱਸਣ ਤੋਂ ਇਲਾਵਾ ਤੁਹਾਨੂੰ ਆਮ ਤੌਰ ਤੇ ਇੱਕ ਫ਼ੋਨ ਕਾਲ ਕਰਨ ਦੀ ਵੀ ਆਗਿਆ ਹੋਵੇਗੀ।
- ਜੇ ਤੁਸੀਂ ਫ਼ੋਨ ਕਾਲ ਕਰਨਾ ਚਾਹੋ ਤਾਂ ਪੁਲਿਸ ਨੂੰ ਬੇਨਤੀ ਕਰੋ।
- ਤੁਸੀਂ ਪੈਨ ਅਤੇ ਕਾਗਜ਼ ਲਈ ਵੀ ਬੇਨਤੀ ਕਰ ਸਕਦੇ ਹੋ।
- ਤੁਹਾਨੂੰ ਮੁਲਾਕਾਤੀਆਂ ਨੂੰ ਮਿਲਣ ਦੀ ਆਗਿਆ ਦਿੱਤੀ ਜਾ ਸਕਦੀ ਹੈ ਪਰ ਹਿਰਾਸਤ ਅਫ਼ਸਰ ਇਸ ਦੀ ਆਗਿਆ ਦੇਣ ਤੋਂ ਇਨਕਾਰ ਕਰ ਸਕਦਾ ਹੈ।

## ਤੁਹਾਡੀ ਕੋਠੜੀ

- ਜੇ ਹੋ ਸਕੇ ਤਾਂ ਇੱਕ ਕੋਠੜੀ ਵਿੱਚ ਤੁਹਾਨੂੰ ਇਕੱਲਿਆਂ ਨੂੰ ਹੀ ਰੱਖਣਾ ਚਾਹੀਦਾ ਹੈ।
- ਇਹ ਸਾਫ਼, ਨਿੱਘੀ ਅਤੇ ਜੱਗਦੀ ਬੱਤੀ ਵਾਲੀ ਹੋਣੀ ਚਾਹੀਦੀ ਹੈ।
- ਤੁਹਾਡਾ ਬਿਸਤਰਾ ਸਾਫ਼ ਅਤੇ ਚੰਗੀ ਹਾਲਤ ਵਿੱਚ ਹੋਣਾ ਚਾਹੀਦਾ ਹੈ।
- ਤੁਹਾਨੂੰ ਟੋਇਲੱਟ ਵਰਤਣ ਅਤੇ ਹੱਥ ਮੂੰਹ ਧੋਣ ਦੀ ਆਗਿਆ ਹੋਣੀ ਚਾਹੀਦੀ ਹੈ।

# Personal needs – health, hygiene and welfare

- ਤੁਹਾਡੇ ਤੋਂ ਲਾਜ਼ਮੀ ਤੌਰ ਤੇ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਤੁਸੀਂ ਆਪਣੀ ਸਿਹਤ, ਸਵੱਛਤਾ ਅਤੇ ਭਲਾਈ ਸਬੰਧੀ ਅਜਿਹੀਆਂ ਕਿਸੇ ਵੀ ਤਰ੍ਹਾਂ ਦੀਆਂ ਨਿੱਜੀ ਲੋੜਾਂ ਬਾਰੇ ਕਸਟੱਡੀ ਸਟਾਫ ਦੇ ਇੱਕ ਮੈਂਬਰ ਨਾਲ ਨਿੱਜੀ ਰੂਪ ਵਿੱਚ ਗੱਲ ਕਰਨੀ ਚਾਹੁੰਦੇ ਹੋ ਜੋ ਤੁਹਾਨੂੰ ਬੰਦੀ ਬਣਾਏ ਜਾਣ ਦੇ ਸਮੇਂ ਦੌਰਾਨ ਤੁਹਾਡੇ ਤੇ ਅਸਰ ਪਾ ਸਕਦੀਆਂ ਹਨ ਜਾਂ ਚਿੰਤਤ ਕਰ ਸਕਦੀਆਂ ਹਨ।
- ਪੁਲਿਸ ਤੁਹਾਨੂੰ ਉਹ ਉਤਪਾਦ ਮੁਹੱਈਆ ਕਰਨ ਲਈ ਇੰਤਜਾਮ ਕਰੇਗੀ ਜਿਨ੍ਹਾਂ ਨੂੰ ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਸਮਝਿਆ ਜਾਂਦਾ ਹੈ। ਜੇ ਤੁਸੀਂ ਚਾਹੁੰਦੇ ਹੋ, ਤਾਂ ਤੁਸੀਂ ਜਿਸ ਵਿਅਕਤੀ ਨਾਲ ਗੱਲ ਕਰਦੇ ਹੋ ਉਹ ਤੁਹਾਡੇ ਲਿੰਗ ਵਾਲਾ ਵਿਅਕਤੀ ਹੋ ਸਕਦਾ ਹੈ।
- ਜੇ ਤੁਸੀਂ ੧੮ ਸਾਲ ਜਾਂ ਇਸ ਤੋਂ ਵੱਧ ਉਮਰ ਵਾਲੀ ਔਰਤ ਹੋ, ਤਾਂ ਤੁਹਾਡੇ ਤੋਂ ਲਾਜ਼ਮੀ ਤੌਰ ਤੇ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਤੁਹਾਨੂੰ ਬੰਦੀ ਬਣਾਏ ਜਾਣ ਦੇ ਸਮੇਂ ਦੌਰਾਨ ਮਾਹਵਾਰੀ ਦੇ ਉਤਪਾਦਾਂ ਦੀ ਲੋੜ ਹੈ ਜਾਂ ਅਜਿਹਾ ਹੋਣ ਦੀ ਸੰਭਾਵਨਾ ਹੈ ਅਤੇ ਲਾਜ਼ਮੀ ਤੌਰ ਤੇ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ
- ਉਤਪਾਦ ਮੁਫ਼ਤ ਮੁਹੱਈਆ ਕੀਤੇ ਜਾਣਗੇ
- ਬਦਲਵੇਂ ਉਤਪਾਦ ਉਪਲਬਧ ਹਨ ਅਤੇ
- ਜੇ ਕਸਟੱਡੀ ਅਧਿਕਾਰੀ ਸਹਿਮਤ ਹੁੰਦਾ ਹੈ ਤਾਂ ਉਤਪਾਦ ਤੁਹਾਡੇ ਪਰਿਵਾਰ ਜਾਂ ਦੋਸਤਾਂ ਵੱਲੋਂ ਆਪਣੇ ਖ਼ਰਚੇ ਤੇ ਦਿੱਤੇ ਜਾ ਸਕਦੇ ਹਨ।

- ਜੇ ਤੁਸੀਂ ੧੮ ਸਾਲ ਤੋਂ ਘੱਟ ਉਮਰ ਵਾਲੀ ਲੜਕੀ ਹੋ, ਤਾਂ ਕਸੱਟਡੀ ਅਧਿਕਾਰੀ ਇਹ ਯਕੀਨੀ ਬਣਾਏਗਾ ਕਿ ਤੁਹਾਡੀ ਦੇਖਭਾਲ ਕਰਨ ਲਈ ਅਤੇ ਤੁਹਾਨੂੰ ਤੁਹਾਡੀਆਂ ਨਿੱਜੀ ਲੋੜਾਂ ਅਤੇ ਮਾਹਵਾਰੀ ਸਬੰਧੀ ਉਤਪਾਦਾਂ ਬਾਰੇ ਪੁੱਛਣ ਲਈ ਪੁਲਿਸ ਸਟੇਸ਼ਨ ਵਿੱਚ ਇੱਕ ਔਰਤ ਮੌਜੂਦ ਹੋਵੇ।
-

## ਕੱਪੜੇ

ਜੇ ਤੁਹਾਡੇ ਆਪਣੇ ਕੱਪੜੇ ਤੁਹਾਡੇ ਤੋਂ ਲੈ ਲਏ ਗਏ ਹੋਣ, ਤਾਂ ਪੁਲਿਸ ਨੂੰ ਤੁਹਾਨੂੰ ਉਨ੍ਹਾਂ ਕੱਪੜਿਆ ਦੀ ਥਾਂ ਤੇ ਹੋਰ ਕੱਪੜੇ ਦੇਣੇ ਲਾਜ਼ਮੀ ਹਨ।

## ਖਾਣਾ ਅਤੇ ਪੀਣਾ

ਤੁਹਾਨੂੰ ਦਿਨ ਵਿੱਚ 3 ਵਾਰੀ ਖਾਣਾ, ਡ੍ਰਿੰਕਸ ਸਮੇਤ ਦੇਣਾ ਲਾਜ਼ਮੀ ਹੈ। ਤੁਸੀਂ ਭੋਜਨ ਵਿਚਲੇ ਅੰਤਰਾਲਾਂ ਤੇ ਵੀ ਕੁਝ ਪੀਣ ਨੂੰ ਲੈ ਸਕਦੇ ਹੋ।

## ਕਸਰਤ

ਜੇ ਸੰਭਵ ਹੋਵੇ ਤਾਂ ਤਾਜ਼ੀ ਹਵਾ ਲਈ ਤੁਹਾਨੂੰ ਹਰ ਦਿਨ ਬਾਹਰ ਜਾਣ ਦੀ ਆਗਿਆ ਹੋਣੀ ਚਾਹੀਦੀ ਹੈ।

## ਜਦੋਂ ਪੁਲਿਸ ਤੁਹਾਨੂੰ ਸਵਾਲ ਪੁੱਛੇ

- ਕਮਰਾ ਸਾਫ਼, ਨਿੱਘਾ ਅਤੇ ਵਿੱਚ ਬੱਤੀ ਜੱਗਦੀ ਹੋਣੀ ਚਾਹੀਦੀ ਹੈ।
- ਤੁਹਾਨੂੰ ਖ਼ੜ੍ਹਾ ਹੋਣਾ ਲਾਜ਼ਮੀ ਨਹੀਂ ਹੋਣਾ ਚਾਹੀਦਾ।
- ਪੁਲਿਸ ਅਫ਼ਸਰਾਂ ਨੂੰ ਤੁਹਾਨੂੰ ਆਪਣਾ ਨਾਂ ਅਤੇ ਔਹਦਾ ਦੱਸਣਾ ਚਾਹੀਦਾ ਹੈ।
- ਤੁਹਾਨੂੰ ਆਮ ਖਾਣਾ ਖਾਣ ਦੇ ਸਮਿਆਂ ਤੇ ਬ੍ਰੇਕ ਅਤੇ ਕਰੀਬ ਦੋ ਘੰਟਿਆਂ ਬਾਅਦ ਕੁਝ ਪੀਣ ਲਈ ਬ੍ਰੇਕ ਮਿਲਣੀ ਚਾਹੀਦੀ ਹੈ।
- ਤੁਹਾਨੂੰ ਹਰ 24 ਘੰਟੇ ਹਿਰਾਸਤ ਵਿੱਚ ਰਹਿਣ ਦੇ ਸਮੇਂ ਦੌਰਾਨ ਘੱਟੋ ਘੱਟ 8 ਘੰਟੇ ਆਰਾਮ ਕਰਨ ਦੇਣਾ ਚਾਹੀਦਾ ਹੈ।

## ਧਰਮ ਦੀਆਂ ਲੋੜਾਂ

ਜਦੋਂ ਤੁਸੀਂ ਪੁਲਿਸ ਸਟੇਸ਼ਨ ਹੋਵੋ ਜੇ ਤੁਹਾਨੂੰ ਉਸ ਸਮੇਂ ਤੁਹਾਡੇ ਧਰਮ ਦੀ ਰਹਿਤ ਪੈਰੀ ਕਰਨ ਲਈ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਪੁਲਿਸ ਨੂੰ ਦੱਸੋ। ਉਹ ਲੋੜ ਅਨੁਸਾਰ, ਧਾਰਮਿਕ ਕਿਤਾਬਾਂ ਅਤੇ ਹੋਰ ਵਸਤੂਆਂ ਪ੍ਰਦਾਨ ਕਰ ਸਕਦੇ ਹਨ।

# ਉਹ ਸਮੇਂ ਜਦੋਂ ਆਮ ਨਿਯਮ ਵੱਖਰੇ ਹੁੰਦੇ ਹਨ

## ਤੁਹਾਡੀ ਮਦਦ ਕਰਨ ਲਈ ਵਕੀਲ ਦਾ ਪ੍ਰਬੰਧ ਕਰਨਾ

ਕੁਝ ਖਾਸ ਸਮੇਂ ਐਸੇ ਵੀ ਹੁੰਦੇ ਹਨ ਜਦੋਂ ਤੁਹਾਨੂੰ ਵਕੀਲ ਨਾਲ ਗੱਲ ਕਰਨ ਦਾ ਮੌਕਾ ਦੇਣ ਤੋਂ ਪਹਿਲਾਂ ਹੀ ਪੁਲਿਸ ਨੂੰ ਤੁਹਾਨੂੰ ਤੁਰੰਤ ਸਵਾਲ ਪੁੱਛਣ ਦੀ ਲੋੜ ਹੁੰਦੀ ਹੈ। ਇਨ੍ਹਾਂ ਖ਼ਾਸ ਸਮਿਆਂ ਬਾਰੇ ਜਾਣਕਾਰੀ ਅਭਿਆਸ ਦੇ ਜਾਬਤੇ (Codes of Practice) ਵਿੱਚ ਦਿੱਤੀ ਹੋਈ ਹੈ। ਇਹ ਦੱਸਦੇ ਹਨ ਕਿ ਤੁਹਾਡੇ ਪੁਲਿਸ ਸਟੇਸ਼ਨ ਵਿੱਚ ਹੋਣ ਸਮੇਂ ਦੌਰਾਨ ਪੁਲਿਸ ਕੀ ਕਰ ਅਤੇ ਕੀ ਨਹੀਂ ਕਰ ਸਕਦੀ। ਜੇ ਤੁਸੀਂ ਇਹ ਵੇਰਵਾ ਦੇਖਣਾ ਚਾਹੁੰਦੇ ਹੋ, ਤਾਂ ਇਹ ਅਭਿਆਸ ਦਾ ਜਾਬਤਾ ਦੇ ਕੋਡ C ਦੇ ਪੈਰਾਗ੍ਰਾਫ਼ 6.6 (paragraph 6.6 of Code C of the Codes of Practice) ਵਿੱਚ ਸ਼ਾਮਲ ਹਨ।

ਇੱਕ ਖਾਸ ਸਮਾਂ ਐਸਾ ਵੀ ਹੈ ਜਦੋਂ ਤੁਹਾਨੂੰ ਤੁਹਾਡੇ ਚੁਣੇ ਹੋਏ ਵਕੀਲ ਨਾਲ ਗੱਲ ਕਰਨ ਦੀ ਪੁਲਿਸ ਆਗਿਆ ਨਹੀਂ ਦੇਵੇਗੀ। ਜਦੋਂ ਇਸ ਤਰ੍ਹਾਂ ਹੋਵੇ ਤਾਂ ਤੁਹਾਨੂੰ ਹੋਰ ਕਿਸੇ ਵਕੀਲ ਦੀ ਚੋਣ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਜੇ ਤੁਸੀਂ ਇਹ ਵੇਰਵਾ ਦੇਖਣਾ ਚਾਹੁੰਦੇ ਹੋ, ਤਾਂ ਉਹ ਅਭਿਆਸ ਦਾ ਜਾਬਤਾ ਦੇ ਕੋਡ C ਦੇ ਅੰਤਿਕਾ B (Annex B of Code C of the Codes of Practice) ਵਿੱਚ ਸ਼ਾਮਲ ਹੈ।

## ਕਿਸੇ ਨੂੰ ਦੱਸਣਾ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ

ਕੁਝ ਖਾਸ ਸਮੇਂ ਐਸੇ ਵੀ ਹੁੰਦੇ ਹਨ ਜਦੋਂ ਪੁਲਿਸ ਤੁਹਾਨੂੰ ਕਿਸੇ ਨਾਲ ਵੀ ਸੰਪਰਕ ਕਰਨ ਦੀ ਆਗਿਆ ਨਹੀਂ ਦੇਵੇਗੀ। ਇਨ੍ਹਾਂ ਖ਼ਾਸ ਸਮਿਆਂ ਬਾਰੇ ਜਾਣਕਾਰੀ ਅਭਿਆਸ ਦੇ ਜਾਬਤੇ (Codes of Practice) ਵਿੱਚ ਦਿੱਤੀ ਹੋਈ ਹੈ। ਜੇ ਤੁਸੀਂ ਇਹ ਵੇਰਵਾ ਦੇਖਣਾ ਚਾਹੁੰਦੇ ਹੋ, ਤਾਂ ਉਹ ਅਭਿਆਸ ਦਾ ਜਾਬਤਾ ਦੇ ਕੋਡ C ਦੇ ਅੰਤਿਕਾ B (Annex B of Code C of the Codes of Practice) ਵਿੱਚ ਸ਼ਾਮਲ ਹੈ।

## ਸ਼ਰਾਬ ਪੀ ਕੇ ਵਾਹਨ ਚਲਾਉਣ ਅਤੇ ਨਸ਼ਾ ਕਰਕੇ ਵਾਹਨ ਚਲਾਉਣ ਦੇ ਅਪਰਾਧ

ਜੇ ਤੁਹਾਨੂੰ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਅਪਰਾਧ ਜਾਂ ਨਸ਼ਾ ਕਰਕੇ ਵਾਹਨ ਚਲਾਉਣ ਦੇ ਅਪਰਾਧ ਵਿੱਚ ਗਿਰਫਤਾਰ ਕੀਤਾ ਹੋਇਆ ਹੈ, ਤਾਂ ਤੁਹਾਡਾ ਵਕੀਲ ਨਾਲ ਗੱਲ ਕਰਨ ਦਾ ਹੱਕ ਹੈ। ਇਸ ਹੱਕ ਦਾ ਮਤਲਬ ਇਹ ਨਹੀਂ ਕਿ ਤੁਸੀਂ ਪੁਲਿਸ ਨੂੰ ਸਾਹ, ਖ਼ੂਨ ਜਾਂ ਪਿਸ਼ਾਬ ਦੇ ਨਮੂਨੇ ਦੇਣ ਤੋਂ ਇਨਕਾਰ ਕਰ ਸਕਦੇ ਹੋ ਭਾਵੇਂ ਤੁਸੀਂ ਵਕੀਲ ਨਾਲ ਹਾਲੇ ਗੱਲ ਨਹੀਂ ਕੀਤੀ।

## ਮਾਨਸਿਕ ਸਿਹਤ ਕਾਨੂੰਨ 1983 (Mental Health Act 1983) ਅਧੀਨ ਨਜ਼ਰਬੰਦੀ

ਜੇ ਤੁਸੀਂ 18 ਸਾਲ ਜਾਂ ਇਸ ਤੋਂ ਜ਼ਿਆਦਾ ਉਮਰ ਦੇ ਹੋ ਅਤੇ ਕਿਉਂਕਿ ਇਹ ਜ਼ੋਖਮ ਹੈ ਕਿ ਤੁਹਾਡਾ ਵਿਹਾਰ ਤੁਹਾਡੇ ਲਈ ਜਾਂ ਦੂਜਿਆਂ ਲਈ ਗੰਭੀਰ ਸੱਟ ਜਾਂ ਮੌਤ ਦਾ ਕਾਰਨ ਬਣਨ ਜਾ ਰਿਹਾ ਹੈ, ਤੁਹਾਨੂੰ ਕਿਸੇ ਵੀ ਹੋਰ ਥਾਂ ਤੇ ਤਰਕਸੰਗਤ ਰੂਪ ਵਿਚ ਹਿਰਾਸਤ ਵਿਚ ਲਏ ਜਾਣ ਦੀ ਆਸ ਨਹੀਂ ਕੀਤੀ ਜਾ ਸਕਦੀ, ਪੁਲਿਸ ਤੁਹਾਨੂੰ ਮਾਨਸਿਕ ਸਿਹਤ ਕਾਨੂੰਨ (Mental Health Act) ਦੇ ਅਧੀਨ ਵੀ ਪੁਲਿਸ ਸਟੇਸ਼ਨ ਵਿੱਚ ਮੁਲਾਂਕਣ ਕਰਾਉਣ ਲਈ ਨਜ਼ਰਬੰਦ ਕਰ ਸਕਦੀ ਹੈ। ਜੇ ਤੁਹਾਨੂੰ ਮਾਨਸਿਕ ਸਿਹਤ ਕਾਨੂੰਨ (Mental Health Act) ਅਧੀਨ ਨਜ਼ਰਬੰਦ ਕੀਤਾ ਗਿਆ ਹੈ ਇਸ ਦਾ ਇਹ ਮਤਲਬ ਨਹੀਂ ਕਿ ਤੁਹਾਨੂੰ ਕਿਸੇ ਅਪਰਾਧ ਲਈ ਗਿਰਫਤਾਰ ਕੀਤਾ ਹੋਇਆ ਹੈ।

ਇਸ ਦਾ ਮਤਲਬ ਹੈ ਕਿ ਤੁਹਾਨੂੰ ਦੇਖੇ ਜਾਣ ਲਈ ਪੁਲਿਸ ਨੂੰ ਡਾਕਟਰ ਅਤੇ ਮੁਲਾਂਕਣ ਕਰਨ ਲਈ ਯੋਗਤਾ ਪ੍ਰਾਪਤ ਮਨਜ਼ੂਰਸ਼ੁਦਾ ਮਾਨਸਿਕ ਸਿਹਤ ਪੇਸ਼ਾਵਰ (Approved Mental Health Professional) ਦਾ ਪ੍ਰਬੰਧ ਕਰਨਾ ਲਾਜ਼ਮੀ ਹੈ। ਤੁਹਾਡੇ ਪੁਲਿਸ ਸਟੇਸ਼ਨ ਵਿੱਚ ਪਹੁੰਚਣ ਜਾਂ ਹਿਰਾਸਤ ਵਿਚ ਰੱਖੇ ਜਾਣ ਉਪਰੰਤ 24 ਘੰਟਿਆਂ ਅੰਦਰ ਤੁਹਾਡਾ ਮੁਲਾਂਕਣ ਹੋਣਾ ਲਾਜ਼ਮੀ ਹੈ, ਪਰੰਤੂ ਪੁਲਿਸ ਇਸ ਦਾ ਜਲਦੀ ਤੋਂ ਜਲਦੀ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰੇਗੀ। ਪੁਲਿਸ ਸਟੇਸ਼ਨ ਵਿਖੇ ਮੁਲਾਂਕਣ ਲਈ 24-ਘੰਟੇ ਲਈ ਹਿਰਾਸਤ ਵਿਚ ਰੱਖਣ ਦੀ ਅਵਧੀ ਹੋਰ 12 ਘੰਟੇ ਲਈ ਵਧਾਈ ਜਾ ਸਕਦੀ ਹੈ ਜੇਕਰ ਡਾਕਟਰ ਇਹ ਸਮਝਦਾ ਹੈ ਕਿ ਇਸਦੀ ਜ਼ਰੂਰਤ ਹੈ ਅਤੇ ਇਕ ਬਹੁਤ ਉੱਚ ਪੁਲਿਸ ਅਧਿਕਾਰੀ ਇਸਦੀ ਮੰਜ਼ੂਰੀ ਦਿੰਦਾ ਹੈ। ਇਸ ਸਮੇਂ ਦੌਰਾਨ ਮੁਲਾਂਕਣ ਕਰਾਉਣ ਲਈ ਪੁਲਿਸ ਤੁਹਾਨੂੰ ਵਧੇਰੇ ਉਚਿਤ ਸਥਾਨ ਤੇ ਤਬਦੀਲ ਕਰ ਸਕਦੀ ਹੈ।

ਜਦੋਂ ਤੁਸੀਂ ਮੁਲਾਂਕਣ ਕੀਤੇ ਜਾਣ ਦੀ ਉਡੀਕ ਕਰ ਰਹੇ ਹੁੰਦੇ ਹੋ, ਪੁਲਿਸ ਤੁਹਾਨੂੰ ਮਨਜ਼ੂਰਸ਼ੁਦਾ ਮਾਨਸਿਕ ਸਿਹਤ ਪੇਸ਼ਾਵਰ (Approved Mental Health Practitioner) ਵੱਲੋਂ ਦੇਖੇ ਜਾਣ ਦਾ ਵੀ ਪ੍ਰਬੰਧ ਕਰ ਸਕਦੀ ਹੈ। ਉਹ ਮੁਲਾਂਕਣ ਤਾਂ ਨਹੀਂ ਕਰ ਸਕਦੇ, ਪਰੰਤੂ ਉਹ ਜੇ ਤੁਹਾਡੀਆਂ ਹੋਰ ਸਿਹਤ ਚਿੰਤਾਵਾਂ ਹੋਈਆਂ ਤਾਂ ਉਨ੍ਹਾਂ ਪ੍ਰਤੀ ਮਦਦ ਕਰ ਸਕਦੇ ਹਨ ਅਤੇ ਸਮਝਾਉਣ ਵਿੱਚ ਮਦਦ ਕਰਣਗੇ ਕਿ ਮੁਲਾਂਕਣ ਦਾ ਕੀ ਮਤਲਬ ਹੁੰਦਾ ਹੈ।

## ਸੁਤੰਤਰ ਹਿਰਾਸਤ ਮੁਲਾਕਾਤੀ (Independent Custody Visitors)

ਇਹ ਭਾਈਚਾਰੇ ਦੇ ਵਿਅਕਤੀ ਹੁੰਦੇ ਹਨ ਜਿਨ੍ਹਾਂ ਨੂੰ ਬਿਨ੍ਹਾਂ ਇਲਾਨਿਆ ਪੁਲਿਸ ਸਟੇਸ਼ਨ ਵਿੱਚ ਜਾਣ ਦੀ ਆਗਿਆ ਹੁੰਦੀ ਹੈ। ਇਨ੍ਹਾਂ ਨੂੰ ਸੁਤੰਤਰ ਹਿਰਾਸਤ ਮੁਲਾਕਾਤੀ (independent custody visitors) ਆਖਦੇ ਹਨ ਅਤੇ ਯਕੀਨੀ ਬਣਾਉਣ ਲਈ ਕਿ ਨਜ਼ਰਬੰਦ ਵਿਅਕਤੀਆਂ ਨਾਲ ਸਹੀ ਢੰਗ ਦਾ ਵਿਹਾਰ ਕੀਤਾ ਜਾ ਰਿਹਾ ਹੈ ਅਤੇ ਉਹ ਆਪਣੇ ਹੱਕ ਪ੍ਰਾਪਤ ਕਰ ਸਕਣ, ਇਹ ਸਵੈ-ਇੱਛਕ ਤੌਰ ਤੇ ਕੰਮ ਕਰਦੇ ਹਨ।

ਤੁਹਾਨੂੰ ਸੁਤੰਤਰ ਹਿਰਾਸਤ ਮੁਲਾਕਾਤੀ (independent custody visitors) ਨੂੰ ਮਿਲਣ ਦਾ ਹੱਕ ਨਹੀਂ ਹੈ ਜਾਂ ਤੁਸੀਂ ਮੰਗ ਨਹੀਂ ਕਰ ਸਕਦੇ ਕਿ ਸੁਤੰਤਰ ਹਿਰਾਸਤ ਮੁਲਾਕਾਤੀ (independent custody visitors) ਤੁਹਾਨੂੰ ਮਿਲਣ ਆਵੇ ਪਰ ਇੱਕ ਮੁਲਾਕਾਤੀ ਤੁਹਾਨੂੰ ਮਿਲਣ ਲਈ ਕਹਿ ਸਕਦਾ ਹੈ। ਤੁਹਾਡੇ ਹਿਰਾਸਤ ਵਿੱਚ ਹੋਣ ਸਮੇਂ ਦੌਰਾਨ ਜੇ ਸੁਤੰਤਰ ਹਿਰਾਸਤ ਮੁਲਾਕਾਤੀ ਤੁਹਾਨੂੰ ਮਿਲਣ ਆ ਜਾਵੇ ਤਾਂ ਉਹ ਪੁਲਿਸ ਤੋਂ ਸੁਤੰਤਰ ਤੌਰ ਤੇ ਜਾਂਚ ਕਰਨ ਲਈ ਕਿ ਤੁਹਾਡੀ ਭਲਾਈ ਅਤੇ ਹੱਕਾਂ ਦੀ ਰਾਖੀ ਹੋ ਰਹੀ ਹੈ ਲਈ ਕੰਮ ਕਰ ਰਹੇ ਹੋਣਗੇ। ਐਪਰ, ਜੇ ਤੁਸੀਂ ਉਨ੍ਹਾਂ ਨਾਲ ਨਹੀਂ ਗੱਲ ਕਰਨਾ ਚਾਹੁੰਦੇ ਤਾਂ ਬੇਸ਼ੱਕ ਨਾ ਕਰੋ।

## ਸ਼ਿਕਾਇਤ ਕਿਵੇਂ ਕਰਨੀ ਹੈ

ਜਿਸ ਤਰ੍ਹਾਂ ਦਾ ਤੁਹਾਡੇ ਨਾਲ ਵਿਹਾਰ ਕੀਤਾ ਗਿਆ ਹੈ ਜੇ ਤੁਸੀ ਉਸ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਇੰਸਪੈਕਟਰ ਜਾਂ ਇਸ ਤੋਂ ਉੱਚੇ ਔਹਦੇ ਦੇ ਪੁਲਿਸ ਅਫ਼ਸਰ ਨਾਲ ਗੱਲ ਕਰਨ ਲਈ ਬੇਨਤੀ ਕਰੋ। ਰਿਹਾਈ ਉਪਰੰਤ, ਤੁਸੀਂ ਕਿਸੇ ਵੀ ਪੁਲਿਸ ਸਟੇਸ਼ਨ ਤੇ, ਪੁਲਿਸ ਕੰਡਕਟ ਦਾ ਸੁਤੰਤਰ ਆਫਿਸ (ਆਈ.ਓ.ਪੀ.ਸੀ.) (Independent Office for Police Conduct (IOPC)) ਨੂੰ, ਵਕੀਲ ਜਾਂ ਤੁਹਾਡੇ ਐਮ.ਪੀ. ਦੁਆਰਾ ਤੁਹਾਡੀ ਤਰਫ਼ੋਂ ਵੀ ਸ਼ਿਕਾਇਤ ਕੀਤੀ ਜਾ ਸਕਦੀ ਹੈ।